***ISHA ਦੁਆਰਾ ਪ੍ਰਕਾਸ਼ਤ। ਸਾਰੇ ਹੱਕ ਰਾਖਵੇਂ ਹਨ।***
***ਈਸ਼ਵਰ ਸੀ ਪੁਰੀ ਦੁਆਰਾ YouTube ਉੱਤੇ ਹੋਏ ਬਚਨਾਂ ਦਾ ਇਹ ਪੰਜਾਬੀ ਅਨੁਵਾਦ ਇਕ CC BY-NC-SA ਲਾਇਸੈਂਸ ਅਧੀਨ ਪ੍ਰਕਾਸ਼ਤ ਕੀਤਾ ਗਿਆ ਹੈ, ਜਿਸਦਾ ਅਰਥ ਹੈ ਕਿ ਤੁਸੀਂ ਅਨੁਵਾਦ ਦੇ ਭਾਗਾਂ ਦੀ ਨਕਲ, ਮੁੜ ਵੰਡ, ਰੀਮਿਕਸ ਅਤੇ ਮੁਫਤ ਵੰਡ ਸਕਦੇ ਹੋ, ਬਸ਼ਰਤੇ ਕਿ ਕੋਈ ਨਵਾਂ ਕੰਮ ਜਾਂ ਨਵੇਂ ਨਤੀਜੇ ਵਜੋਂ ਬਣਾਈਆਂ ਗਈਆਂ ਰਚਨਾਵਾਂ ਕਿਸੇ ਵੀ ਵਪਾਰਕ ਉਦੇਸ਼ ਲਈ ਨਾਂ ਵਰਤੀਆਂ ਜਾਣ ਅਤੇ ਜਿਨ੍ਹਾਂ ਚਿਰ ਤੁਸੀਂ ਉਚਿਤ ਕ੍ਰੈਡਿਟ ਦੇਂਦੇ ਰਹੋਗੇ, ਲਾਇਸੈਂਸ ਦਾ ਇੱਕ ਲਿੰਕ ਪ੍ਰਦਾਨ ਕਰਦੇ ਰਹੋਗੇ, ਅਤੇ ਸੰਕੇਤ ਦੇਂਦੇ ਰਹੋਗੇ ਕਿ ਕਿਹੜੀਆਂ ਤਬਦੀਲੀਆਂ ਕੀਤੀਆਂ ਗਈਆਂ ਸਨ। ਜੇ ਤੁਸੀਂ ਅਨੁਵਾਦ ਨੂੰ ਰੀਮੀਕਸ ਕਰਦੇ ਹੋ, ਬਦਲਦੇ ਹੋ ਤਾਂ ਤੁਹਾਨੂੰ ਲਾਜ਼ਮੀ ਤੌਰ ਤੇ ਆਪਣੇ ਯੋਗਦਾਨ ਨੂੰ ਮੁਢਲੇ ਲਾਇਸੈਂਸ ਦੇ ਅਧੀਨ ਰੀਲਿਜ਼ ਕਰਨਾ ਪਵੇਗਾ।***
***ਲਾਇਸੈਂਸ ਦੇ ਵੇਰਵੇ: creativecommons.org/licenses/by-nc-sa/4.0/ Copyright 2019. Attribution-NonCommercial-ShareAlike (CC BY-NC-SA).***

# ਭੰਡਾਰਾ – ਜਿਉਂਦੇ ਜੀ ਮਰਨਾ
## ਰਾਈਸ ਲੇਕ, ਵਿਸਕਾਨਸਿਨ - 1 ਅਪ੍ਰੈਲ, 2015

ਮੈਂ ਤੁਹਾਨੂੰ ਸਭ ਦੋਸਤਾਂ ਨੂੰ ਵੱਡੇ ਮਹਾਰਾਜ ਹਜ਼ੂਰ ਬਾਬਾ ਸਾਵਣ ਸਿੰਘ, ਜੋ ਕੇ ਮੇਰੇ ਮੁਰਸ਼ਿਦ ਸਨ ,ਦੇ ਭੰਡਾਰੇ ਤੇ ਆਉਣ ਲਈ ਜੀ ਆਇਆਂ ਆਖਦਾ ਹਾਂ.

ਇਹ ਭੰਡਾਰਾ ਹਰ ਸਾਲ ਦੀ ਤਰਾਂ 2 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ ਕਿਉਂਕਿ ਵੱਡੇ ਮਹਾਰਾਜ ਜੀ ਨੇ 2 ਅਪ੍ਰੈਲ, 1948 ਨੂੰ ਇਹ ਸ਼ਾਰੀਰਿਕ ਚੋਲਾ ਛੱਡਿਆ ਸੀ. ਲੋਕ ਮੈਨੂੰ ਪੁੱਛਦੇ ਹਨ, "ਸਾਡੇ ਵਿੱਚੋਂ ਜ਼ਿਆਦਾਤਰ ਲੋਕ ਜਨਮ ਦਿਨ ਮਨਾਉਂਦੇ ਹਨ. ਮੌਤ ਦੇ ਦਿਨ ਨਹੀਂ ਮਨਾਉਂਦੇ ਫਿਰ ਉਸ ਮੌਤ ਦੇ ਦਿਨ ਨੂੰ ਅਸੀਂ ਇੰਨੀ ਮਹੱਤਤਾ ਕਿਉਂ ਦੇ ਰਹੇ ਹਾਂ ?" ਇਸਦਾ ਇਕ ਖਾਸ ਕਾਰਨ ਹੈ. ਕਾਰਨ ਇਹ ਹੈ ਕਿ ਅਸੀਂ ਸੱਚਮੁੱਚ ਮਰਦੇ ਹੀ ਨਹੀਂ ਹਾਂ. ਸਾਡਾ ਸਰੀਰ ਮਰਦਾ ਹੈ. ਸਾਡੀ ਆਤਮਾ ਨਹੀਂ ਮਰਦੀ. ਆਤਮਾ ਅਮਰ ਹੈ. ਇਸ ਸਰੀਰ ਦੇ ਅੰਦਰ ਹੋਰ ਵੀ ਕਈ ਐਸੇ ਸਰੀਰ ਹਨ ਜੋ ਨਹੀਂ ਮਰਦੇ.

ਅਸੀਂ ਅਸਲ ਵਿੱਚ, ਇੱਕ ਭੌਤਿਕ ਸਰੀਰ ਵਿੱਚ ਫਸੇ ਹੋਏ ਹਾਂ, ਅਤੇ ਜਦੋਂ ਅਸੀਂ ਮਰਨ ਬਾਰੇ ਸੋਚਦੇ ਹਾਂ ਕਿ ਅਸੀਂ ਮਰ ਗਏ , ਤਾਂ ਅਸਲ ਵਿੱਚ ਅਸੀਂ ਇੱਕ ਸਰੀਰ ਨੂੰ ਸ਼ੱਡ ਕੇ ਆਪਣੇ ਅੰਦਰੂਨੀ ਰੂਪ ਵਿੱਚ ਜਨਮ ਲੈਂਦੇ ਹਾਂ ਜਿਥੇ ਸਾਡੇ ਕੋਲ ਇਸ ਭੌਤਿਕ ਸਰੀਰ ਨਾਲੋਂ ਜ਼ਿਆਦਾ ਸ਼ਕਤੀ ਅਤੇ ਆਜ਼ਾਦੀ ਹੁੰਦੀ ਹੈ. ਇਸ ਲਈ, ਅਸੀਂ ਇਹ ਨਹੀਂ ਸਮਝਦੇ ਕਿ ਮੌਤ ਸਾਡੇ ਆਪੇ ਦਾ ਅੰਤ ਹੈ. ਇਹ ਸਾਡੇ ਸਥੂਲ ਬ੍ਰਹਿਮੰਡ ਦੇ ਲੰਬੇ ਸਫ਼ਰ, ਦੇ ਦੌਰਾਨ ਪਹਿਨਣ ਵਾਲੇ ਪਹਿਰਾਵਿਆਂ ਵਿੱਚੋਂ ਇੱਕ ਦਾ ਅੰਤ ਹੈ. ਇਸ ਲਈ ਇਹ ਇਹ ਮੌਤ ਦਾ ਦਿਨ ਕਿਸੇ ਹਾਲਤ ਵਿਚ ਵੀ ਸਾਡੀ ਜ਼ਿੰਦਗੀ ਨੂੰ ਖ਼ਤਮ ਕਰਨ ਦਾ ਦਿਨ ਨਹੀਂ ਹੈ. ਇਸ ਦਿਨ ਤੋਂ ਇੱਕ ਖ਼ਾਸ ਕਿਸਮ ਅਤੇ ਉੱਚ ਜੀਵਨ ਦੀ ਸ਼ੁਰੂਆਤ ਹੁੰਦੀ ਹੈ. ਇਹ ਹੀ ਕਾਰਨ ਹੈ ਕਿ ਅਸੀਂ ਇਸਨੂੰ ਮੌਤ ਦਾ ਦਿਨ ਨਹੀਂ ਸਮਝਦੇ.

ਇਕ ਹੋਰ ਮਹੱਤਵਪੂਰਨ ਕਾਰਨ ਇਹ ਹੈ ਕਿ ਜਿਨ੍ਹਾਂ ਅਨੁਯਾਈਆਂ ਨੂੰ ਹਜ਼ੂਰ ਮਹਾਰਾਜ ਬਾਬਾ ਸਾਵਣ ਸਿੰਘ ਵਰਗੇ ਮਹਾਨ ਮੁਰਸ਼ਿਦ ਦੇ ਚਰਨਾਂ ਵਿਚ ਬੈਠਣ ਸਨਮਾਨ ਪ੍ਰਾਪਤ ਹੋਇਆ ਹੈ – ਜੋ ਮੌਕਾ ਮੈਨੂੰ ਵੀ ਮਿਲਿਆ - ਸਾਡੇ ਸਾਰਿਆਂ ਲਈ ਇਹ ਜਸ਼ਨ ਦਾ ਦਿਨ ਹੈ ਕਿਉਂਕਿ ਹੁਣ ਉਹ ਪਹਿਲਾਂ ਨਾਲੋਂ ਜ਼ਿਆਦਾ ਉਪਲਬਦ ਅਤੇ ਨੇੜੇ ਹਨ. ਸਥੂਲ ਸ਼ਰੀਰ ਵਿਚ ਉਹ ਇੰਨਾ ਉਪਲਬਦ ਨਹੀਂ ਸਨ. ਇਹ ਹੈਰਾਨੀ ਦੀ ਗੱਲ ਹੈ ਕਿ ਜਦੋਂ ਇਕ ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਜਾ perfect living master ਆਪਣੇ ਸਰੀਰ ਵਿੱਚ ਹੁੰਦਾ ਹੈ ਤਾਂ ਸਾਨੂੰ ਉਸ ਦੇ ਦਰਸ਼ਨ ਦਾ ਬਹੁਤ ਘੱਟ ਮੌਕਾ ਮਿਲਦਾ ਹੈ, ਖਾਸਕਰ ਉਦੋਂ ਜਦੋਂ ਕੇ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਉਨ੍ਹਾਂ ਦੇ ਜ਼ਿਆਦਾ ਨੇੜੇ ਹੋਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ . ਦੂਜੇ ਪਾਸੇ, ਉਨ੍ਹਾਂ ਨੇ ਦੱਸਿਆ ਹੈ, ਕਿ ਜਦੋਂ ਉਨਾ ਨੇ ਸਾਂਨੂੰ ਇਸ ਰਾਹ ਤੇ ਤੋਰਿਆ – ਜਿਸਦਾ ਅਰਥ ਹੈ ਕਿ ਉਨ੍ਹਾਂ ਨੇ ਜਦੋਂ ਸਾਨੂੰ ਸੱਚਖੰਡ ਦੀ ਯਾਤਰਾ ਲਈ ਆਪਣੇ ਸਥਾਈ ਮਿੱਤਰ ਅਤੇ ਸਥਾਈ ਯਾਤਰੂ ਵਜੋਂ ਸਵੀਕਾਰ ਕੀਤਾ - ਉਸ ਵੇਲੇ ਉਨ੍ਹਾਂ ਨੇ ਦੱਸਿਆ ਕਿ ਹੁਣ ਉਹ ਹਮੇਸ਼ਾਂ ਲਈ ਸਾਡੇ ਅੰਦਰ ਰੂਪਮਾਨ ਹੋ ਗਏ ਹਨ. ਸਾਨੂੰ ਇਹ ਦੇਖਣ ਦਾ ਮੌਕਾ ਹੀ ਨਹੀਂ ਮਿਲਿਆ ਕਿ ਉਹ ਸਾਡੇ ਅੰਦਰ ਕਿਸ ਤਰਾਂ ਰੂਪਮਾਨ ਹੁੰਦੇ ਹਨ ਕਿਉਂਕਿ ਅਸੀਂ ਉਨ੍ਹਾਂ ਦੇ ਬਾਹਰੋਂ ਹੀ ਦਰਸ਼ਨ ਕਰ ਲੈਂਦੇ ਹਾਂ. ਪਰ ਜਦੋਂ ਉਹ ਸ਼ਰੀਰ ਛੱਡ ਦੇਂਦੇ ਹਨ – ਤਾਂ ਅਸੀਂ ਉਨ੍ਹਾਂ ਨੂੰ ਅੰਦਰ ਜਿਆਦਾ ਸਪੱਸ਼ਟਤਾ ਨਾਲ ਵੇਖ ਸਕਦੇ ਹਾਂ. ਸੋ ਸਾਡੇ ਲਈ ਉਹ ਮਰੇ ਨਹੀਂ. ਵਾਸਤਵ ਵਿੱਚ ਹੁਣ ਉਹ 2 ਅਪ੍ਰੈਲ 1948 ਤੋਂ ਬਾਅਦ ਉਹ ਜ਼ਿਆਦਾ ਜੀਵਿਤ ਹਨ, ਅਤੇ ਆਪਣੇ ਅਨੁਯਾਈਆਂ ਦੇ ਪਹਿਲਾਂ ਨਾਲੋਂ ਜਿਆਦਾ ਕਰੀਬ ਹਨ. ਉਹ ਕਦੇ ਨਹੀਂ ਮਰੇ.

ਇਕ ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਜਾ perfect living master ਦੁਆਰਾ ਨਾਮ ਦਾਨ ਮਿਲਣ ਦੀ ਵਧੀਆ ਗੱਲ ਇਹ ਵੀ ਹੈ, ਕਿ ਉਹ ਕਦੀ ਨਹੀਂ ਮਰਦੇ, ਅਤੇ ਸਾਨੂੰ ਵੀ ਏਹੀ ਦੱਸਦੇ ਹਨ ਅਸੀਂ ਖੁਦ ਵੀ ਕਦੇ ਨਹੀਂ ਮਰਦੇ, ਸਾਡੀ ਆਤਮਾ ਅਮਰ ਹੈ. ਇਕ ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਜਾ perfect living master ਨਾਲ ਸਾਡਾ ਇੱਕ ਸਰੀਰਕ ਰਿਸ਼ਤਾ ਨਹੀਂ ਬਲਕਿ ਦੋ ਆਤਮਾਵਾਂ ਦਾ ਰਿਸ਼ਤਾ ਹੁੰਦਾ ਹੈ. ਇਹ ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਜਾ perfect living master ਸਾਨੂੰ ਦੁਨੀਆਂ ਦੀਆਂ ਚੀਜਾਂ ਦੇਣ ਲਈ ਇਸ ਸੰਸਾਰ ਵਿੱਚ ਨਹੀਂ ਆਉਂਦੇ ਉਹ ਇਸ ਸਥੂਲ ਸੰਸਾਰ ਨਾਲ ਰਿਸ਼ਤੇ ਕਾਇਮ ਕਰਨ ਲਈ ਨਹੀਂ ਆਉਂਦੇ. ਉਹ ਕੇਵਲ ਸਾਡੀ ਆਤਮਾ ਨੂੰ ਵਾਪਸ ਘਰ ਲੈ ਜਾਣ ਲਈ ਆਉਂਦੇ ਹਨ. ਕਿਉਂਕਿ ਉਹ ਮਨੁੱਖੀ ਰੂਪ ਵਿਚ ਆਉਂਦੇ ਹਨ, ਉਸ ਸੰਸਾਰ ਵਿਚ ਜਿਥੇ ਅਰਬਾਂ ਲੋਕ ਵਸਦੇ ਹਨ, ਉਹ ਉਨ੍ਹਾਂ ਸਾਰਿਆਂ ਨੂੰ ਘਰ ਵਾਪਸ ਨਹੀਂ ਲੈ ਜਾ ਨਹੀਂ ਸਕਦੇ. ਇਸ ਲਈ ਉਹ ਲੋਕਾਂ ਦੇ ਉਸ ਸਮੂਹ ਨੂੰ ਚੁਣਦੇ ਹਨ ਜਿਨ੍ਹਾਂ ਨੂੰ ਵਾਪਸ ਲਿਜਾਣ ਦਾ ਕਾਰਜ ਉਨਾ ਦੇ ਜਿਮੇ ਲੱਗਦਾ ਹੈ. ਉਹ ਆਤਮਾਵਾਂ ਜਿਨ੍ਹਾਂ ਨੂੰ ਇਕ ਕਾਮਲ ਮੁਰਸ਼ਿਦ ਆਪਣੇ ਨਾਲ ਸੱਚਖੰਡ ਲੈ ਜਾਂਦੇ ਹਨ, ਉਹ ਆਤਮਾਵਾਂ ਪਹਿਲਾਂ ਹੀ ਉਸ ਮੁਰਸ਼ਿਦ ਲਈ ਚਿੰਨ੍ਹਿਤ (marked ) ਹੁੰਦੀਆਂ ਹਨ.

ਚਿੰਨ੍ਹਿਤ(marked) ਆਤਮਾਂਵਾਂ ਨੂੰ ਘਰ ਵਾਪਸ ਲਿਜਾਣ ਲਈ ਕਾਮਲ ਮੁਰਸ਼ਿਦ ਹਰ ਸਮੇਂ ਹੁੰਦੇ ਆਏ ਹਨ. ਅਤੇ ਕਿਹੜੀਆਂ ਆਤਮਾਂਵਾਂ ਹਨ ਜਿਨ੍ਹਾਂ ਨੂੰ ਘਰ ਵਾਪਸ ਜਾਣ ਲਈ ਚੁਣਿਆ ਗਿਆ ? ਉਹ ਜਿਹੜੇ ਘਰ ਵਾਪਸ ਜਾਣ ਦੀ ਭਾਲ ਕਰ ਰਹੇ ਹਨ. ਉਹ ਜੋ ਘਰ ਵਾਪਸ ਜਾਣ ਲਈ ਉਤਸੁਕ ਹਨ. ਅਸਲ ਰਹੱਸ ਹੈ ਸੱਚੇ ਘਰ (ਸੱਚਖੰਡ) ਦੀ ਤਾਂਘ. ਜੇ ਅਸੀਂ ਲੰਮੇ ਸਮੇ ਤਕ ਇਸ ਸਥੂਲ ਸੰਸਾਰ ਵਿਚ ਰਹਿਣ ਵਿਚ ਖ਼ੁਸ਼ ਹਾਂ, ਤਾਂ ਉਹ ਸਾਡੇ ਵਾਲ ਧਿਆਨ ਨਹੀਂ ਦੇਂਦੇ. ਉਹ ਕਹਿੰਦੇ ਹਨ, "ਜਾਓ ਅਤੇ ਮੌਜਾਂ ਮਾਣੋ. ਇਹ ਤੁਹਾਡਾ ਸੁੱਖ ਅਤੇ ਦੁੱਖ ਅਤੇ ਸਥੂਲ ਸ਼ਰੀਰ ਨੂੰ ਮਾਨਣ ਦਾ ਸਮਾਂ ਹੈ. ਉਤਰਾਅ-ਚੜ੍ਹਾਅ ਦੇ ਤਜਰਬੇ ਕਰਦੇ ਰਹੋ. ਪਰ ਜਦੋਂ ਤੁਸੀਂ ਇਸ ਤੋਂ ਥੱਕ ਜਾਂਦੇ ਹੋ, ਜਦੋਂ ਤੁਸੀਂ ਮਹਿਸੂਸ ਕਰਦੇ ਹੋ ਕਿ ਬਹੁਤ ਹੋ ਗਿਆ ਅਤੇ ਤੁਹਾਨੂੰ ਲਗਦਾ ਹੈ ਕਿ ਇਹ ਜਗ੍ਹਾ ਸਾਡੇ ਲਈ ਨਹੀਂ ਹੈ, ਤਾਂ ਤੁਸੀਂ ਅਭਿਲਾਖੀ(seeker ) ਬਣਦੇ ਹੋ. ਜਦ ਤੁਸੀਂ ਤਹਿ ਦਿਲੋਂ ਚਾਹੁੰਦੇ ਹੋ, ਤੁਹਾਡੇ ਅੰਦਰੋਂ ਹੂਕ ਉਠਦੀ ਹੈ, ਤਾਂ ਕਮਲ ਮੁਰਸ਼ਿਦ ਅਚਾਨਕ ਤੁਹਾਡੇ ਜੀਵਨ ਵਿਚ ਪ੍ਰਕਟ ਹੁੰਦਾ ਅਤੇ ਕਹਿੰਦਾ ਹੈ "ਹਾਂ ! ਮੈਂ ਆ ਗਿਆ ਹਾਂ, ਅਤੇ ਅਸੀਂ ਇਕੱਠੇ ਵਾਪਿਸ ਘਰ ਵੱਲ ਦੀ ਯਾਤਰਾ ਕਰਾਂਗੇ.

ਦੂਜੇ ਅਧਿਆਪਕਾਂ ਤੋਂ ਭਿਨ ਅਤੇ ਦੂਜੇ ਮੁਰਸ਼ਿਦਾਂ ਤੋਂ ਭਿਨ, ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਜਾ perfect living master ਸਾਨੂੰ ਕੁਝ ਸਿਖਾਉਣ ਲਈ ਨਹੀਂ ਆਉਂਦੇ ਹਨ. ਇੱਥੇ ਬਹੁਤ ਸਾਰੇ ਹੋਰ ਲੋਕ ਹਨ ਜੋ ਸਾਨੂੰ ਸਿਖਾ ਸਕਦੇ ਹਨ. ਨਾ ਹੀ ਉਹ ਸਾਨੂੰ ਬਿਹਤਰ ਵਿਅਕਤੀ ਬਣਾਉਣ ਲਈ ਆਉਂਦੇ ਹਨ, ਕਿਉਂਕਿ ਜੇਕਰ ਅਸੀਂ ਬਿਹਤਰ ਵਿਅਕਤੀ ਬਣ ਜਾਈਏ ਤਾਂ ਅਗਲੇ ਜੀਵਨ ਵਿੱਚ ਇਸ ਕਰਮ ਦਾ ਵਧੀਆ ਫਲ ਮਿਲਦਾ ਹੈ. ਇਸ ਲਈ, ਉਹ ਸਾਨੂੰ ਬਿਹਤਰ ਜਾਂ ਘੱਟ ਬਿਹਤਰ ਬਣਾਉਣ ਜਾਂ ਸਮਾਜ ਨੂੰ ਬਿਹਤਰ ਬਣਾਉਣ ਜਾਂ ਕਿਸੇ ਲਈ ਪ੍ਰਚਾਰ ਕਰਨ ਲਈ ਨਹੀਂ ਆਉਂਦੇ - ਉਹ ਅਜਿਹਾ ਕੋਈ ਵੀ ਕੰਮ ਨਹੀਂ ਕਰਦੇ. ਹਜ਼ਾਰਾਂ ਹੋਰ ਹਨ ਜੋ ਇਸ ਤਰ੍ਹਾਂ ਕਰ ਰਹੇ ਹਨ. ਉਨਾਂ ਦੇ ਇਸ ਦੁਨੀਆਂ ਤੇ ਆਉਣ ਦਾ ਸਧਾਰਨ ਮਕਸਦ ਆਪਣੀਆਂ ਚਿੰਨ੍ਹਿਤ ਆਤਮਾਂਵਾਂ (marked souls ) ਨੂੰ ਚੁੱਕ ਕੇ ਵਾਪਸ ਸੱਚਖੰਡ ਲਿਜਾਣ ਦਾ ਹੁੰਦਾ ਹੈ.

ਉਹਨਾਂ ਦਾ ਇਹ ਹੀ ਇਕੋ ਮਕਸਦ ਹੁੰਦਾ ਹੈ, ਕਿ ਜੋ ਵੀ ਆਤਮਾਵਾਂ ਉਸ ਸਮੇਂ, ਉਸ ਜਗਾ ਉਤੇ ਤਿਆਰ ਨੇ ਅਤੇ ਉਨਾਂ ਦੀ ਚਿਨ੍ਹਿਤ ਆਤਮਾਂਵਾਂ (marked souls) ਦੀ ਲਿਸਟ ਵਿਚ ਹਨ, ਉਹ ਉਨ੍ਹਾਂ ਨੂੰ ਚੁਣ ਕੇ ਵਾਪਸ ਘਰ ਲੈ ਜਾਂਦੇ ਹਨ. ਉਹ ਕੋਈ ਸ਼ਰਤਾਂ ਨਹੀਂ ਰਖਦੇ. ਉਹ ਇਹ ਨਹੀਂ ਕਹਿੰਦੇ ਹਨ ਕਿ ਤੁਹਾਨੂੰ ਬੁੱਧੀਮਾਨ ਹੋਣਾ ਜ਼ਰੂਰੀ ਹੈ. ਤੁਹਾਨੂੰ ਇੰਨਾ ਅਭਿਆਸ ਕਰਨਾ ਚਾਹੀਦਾ ਹੈ ਜਾਂ ਤੁਹਾਨੂੰ ਇਸ ਤਰ੍ਹਾਂ ਦਾ ਵਿਅਕਤੀ ਹੋਣਾ ਚਾਹੀਦਾ ਹੈ ਜਾਂ ਤੁਹਾਨੂੰ ਕਿਸੇ ਖਾਸ ਢੰਗ ਦੇ ਕੱਪੜੇ ਪਹਿਨਣੇ ਜਾਂ ਕੋਈ ਖਾਸ ਖਾਣਾ ਖਾਣਾ ਚਾਹੀਦਾ ਹੈ - ਉਹ ਇਨ੍ਹਾਂ ਚੀਜ਼ਾਂ ਵੱਲ ਬਿਲਕੁਲ ਵੀ ਧਿਆਨ ਨਹੀਂ ਦੇਂਦੇ. ਉਹ ਸਿਰਫ ਕਹਿੰਦੇ ਹਨ, "ਇਹ ਰੂਹ ਘਰ ਵਾਪਸ ਜਾਣ ਲਈ ਤਿਆਰ ਹੈ, ਅਤੇ ਇਹ ਹੁਣ ਇਸ ਰੂਹ ਨੂੰ ਵਾਪਸ ਆਪਣੇ ਘਰ ਲਿਜਾਣ ਦੀ ਮੇਰੀ ਜਿੰਮੇਵਾਰੀ ਹੈ." ਇਸ ਲਈ ਉਹ ਸਾਡੇ ਜੀਵਨ ਵਿਚ ਆਉਂਦੇ ਹਨ ਅਤੇ ਸਾਡੇ ਦੋਸਤ ਬਣ ਜਾਂਦੇ ਹਨ. ਉਹ ਸਾਡੇ ਮਿੱਤਰ ਹੁੰਦੇ ਹੋਏ ਨਾਮ ਦਾਨ ਦੇ ਕੇ ਸਾਨੂੰ ਕਬੂਲਦੇ ਹਨ, ਅਤੇ ਫਿਰ ਸਾਨੂੰ ਵਾਪਸ ਘਰ ਲੈ ਜਾਂਦੇ ਹਨ.

ਉਹ ਜਾਣਦੇ ਹਨ ਕਿ ਹੋਰ ਬਹੁਤ ਸਾਰੇ ਲੋਕ ਹਨ ਜੋ ਸਾਨੂੰ ਸਿਖਾ ਸਕਦੇ ਹਨ. ਉਹ ਆਪਣੇ ਪਿਆਰ ਦੀ ਤਾਕਤ ਨਾਲ ਸਾਨੂੰ ਖਿੱਚਦੇ ਹਨ ਅਤੇ ਅਸੀਂ ਉਨ੍ਹਾਂ ਕੋਲ ਖਿਚੇ ਚਲੇ ਜਾਂਦੇ ਹਾਂ. ਉਹ ਆਪਣੀ ਸਿੱਖਿਆ ਦੀ ਸ਼ਕਤੀ ਨਾਲ ਨਹੀਂ ਸਾਨੂੰ ਖਿੱਚਦੇ. ਅਜਿਹੇ ਵੀ ਕੁਝ ਲੋਕ ਹਨ ਜੋ ਉਨ੍ਹਾਂ ਤੋਂ ਬਿਹਤਰ ਸਿੱਖਿਆ ਦੇ ਸਕਦੇ ਹਨ. ਉਨ੍ਹਾਂ ਦਾ ਬੇ ਸ਼ਰਤ ਪਿਆਰ ਹੀ ਉਨ੍ਹਾਂ ਦੀ ਯੋਗਤਾ(qualification) ਹੈ. ਉਹ ਸਾਡੇ ਲਈ ਆਉਂਦੇ ਨੇ ਅਤੇ ਇਸ ਲਈ ਆਪਣੇ ਬੇ ਸ਼ਰਤ ਪਿਆਰ ਨਾਲ ਸਾਨੂੰ ਆਪਣੇ ਵੱਲ ਖਿੱਚ ਲੈਂਦੇ ਹਨ. ਇਸੇ ਕਰਕੇ ਜਦੋਂ ਉਹ ਸਾਡੀ ਜਿੰਦਗੀ ਵਿੱਚ ਆਉਂਦੇ ਹਨ ਤਾਂ ਸਾਨੂੰ ਪਤਾ ਨਹੀਂ ਲੱਗਦਾ ਕਿ ਉਹ ਕੌਣ ਹਨ. ਕਿਉਂਕਿ ਉਹ ਆਮ ਲੋਕਾਂ ਵਾਂਗ ਆਉਂਦੇ ਹਨ. ਕਈ ਵਾਰ ਤਾਂ ਉਹ ਆਮ ਲੋਕਾਂ ਨਾਲੋਂ ਵੀ ਕਿਤੇ ਜ਼ਿਆਦਾ ਸਧਾਰਨ ਹੁੰਦੇ ਹਨ, ਕਿਉਂਕਿ ਸਿਰਫ ਇੱਕ ਆਮ ਵਿਅਕਤੀ ਹੀ ਸਾਡਾ ਦੋਸਤ ਹੋ ਸਕਦਾ ਹੈ. ਇੱਕ ਗੈਰ-ਸਧਾਰਨ ਵਿਅਕਤੀ ਸਾਡਾ ਦੋਸਤ ਨਹੀਂ ਹੋ ਸਕਦਾ. ਅਸੀਂ ਉਸ ਦੀ ਪ੍ਰਸ਼ੰਸਾ ਕਰ ਸਕਦੇ ਹਾਂ, ਉਹ ਸਾਡਾ ਮਨੋਰੰਜਨ ਕਰ ਸਕਦਾ ਹੈ, ਅਸੀਂ ਉਸ ਦੀ ਪੂਜਾ ਕਰ ਸਕਦੇ ਹਾਂ, ਪਰ ਉਹ ਕਦੀ ਵੀ ਸਾਡਾ ਦੋਸਤ ਨਹੀਂ ਬਣ ਸਕਦਾ. ਉਹ ਅਸਚਰਜ ਸ਼ਕਤੀਆਂ, ਜਾ ਅਸਚਰਜ ਚਮਤਕਾਰ ਦਿਖਾਣ ਦਾ ਤਰੀਕਾ ਨਹੀਂ ਵਰਦਤਦੇ, ਬਲਕਿ ਆਪਣੇ ਪਿਆਰ ਦੀ ਸ਼ਕਤੀ ਨਾਲ ਸਾਨੂੰ ਨਿਜ ਘਰ ਨੂੰ ਲੈ ਤੁਰਦੇ ਨੇ. ਉਹ ਬਹੁਤ ਸਾਰੇ ਨਿੱਜੀ(personal ) ਚਮਤਕਾਰ ਦਿਖਾਉਂਦੇ ਹਨ. ਇਹ ਬਹੁਤ ਚਮਤਕਾਰੀ ਹੁੰਦੇ ਹਨ ਅਤੇ ਤੁਸੀਂ ਹੈਰਾਨ ਹੋ ਜਾਂਦੇ ਹੁੰਦੇ ਹੋ ਅਤੇ ਫਿਰ ਜਦੋਂ ਤੁਸੀਂ ਆਪਣੇ ਦੋਸਤਾਂ ਨੂੰ ਕਹਿੰਦੇ ਹੋ ਕਿ ਅਜਿਹਾ ਹੋਇਆ ਹੈ ਤਾਂ ਉਹ ਉਸ ਨੂੰ ਨਕਾਰ ਦਿੰਦੇ ਹਨ, ਕਹਿੰਦੇ ਹਨ - ਇਹ ਕੇਵਲ ਇਕ ਇਤਫ਼ਾਕ ਸੀ, ਇਹ ਕੋਈ ਚਮਤਕਾਰ ਨਹੀਂ ਸੀ. ਇਸਦਾ ਮਤਲਬ ਇਹ ਹੈ ਕਿ ਉਹ ਤੁਹਾਡੇ ਚਮਤਕਾਰਾਂ ਨੂੰ ਤੁਹਾਡੇ ਤੱਕ ਹੀ ਸੀਮਿਤ ਰੱਖਦੇ ਹਨ. ਉਹ ਅਧਿਆਪਕ ਹੋਣ ਦਾ ਦਿਖਾਵਾ ਕਰਦੇ ਹਨ. ਉਹ ਕੁਝ ਸਮੇਂ ਲਈ ਅਧਿਆਪਕਾਂ ਵਾਂਗ ਕੰਮ ਵੀ ਕਰਦੇ ਹਨ ਕਿਉਂਕਿ ਸਾਨੂੰ ਸਿੱਖਣਾ ਚੰਗਾ ਲੱਗਦਾ ਹੈ. ਉਹ ਜਾਣਦੇ ਹਨ ਕਿ ਸਾਡਾ ਮਨ ਚਾਹੁੰਦਾ ਹੈ ਕੋਈ ਸਾਨੂੰ ਸਿਖਾਏ, ਸਾਡਾ ਮਨ ਸਿੱਖਣਾ ਚਾਹੁੰਦਾ ਹੈ, ਇਸ ਲਈ ਉਹ ਅਧਿਆਪਕ ਬਣ ਕੇ ਸਾਨੂੰ ਸਿਖਾਉਂਦੇ ਹਨ, ਇਹ ਜਾਣਦੇ ਹੋਏ ਕਿ ਇਹ ਸਿਰਫ ਇੱਕ ਅਸਥਾਈ ਦੌਰ(temporary phase ) ਹੈ.

ਅਸੀਂ ਜਾਣਦੇ ਹਾਂ ਕਿ ਜ਼ਿੰਦਗੀ ਵਿਚ ਕੁਝ ਵੀ ਪ੍ਰਾਪਤ ਕਰਨ ਲਈ ਸੰਘਰਸ਼ ਜਰੂਰੀ ਹੈ. ਉਹ ਜਾਣਦੇ ਹਨ ਕਿ ਸਾਡਾ ਮਨ ਇਹ ਮੰਨ ਬੈਠਾ ਹੈ ਕਿ ਜੀਵਨ ਵਿਚ ਕੁਝ ਵੀ ਪ੍ਰਾਪਤ ਕਰਨ ਲਈ ਸੰਘਰਸ਼ ਕਰਨਾ ਹੋਵੇਗਾ. ਇਸ ਲਈ, ਉਹ ਸਾਨੂੰ ਸੰਘਰਸ਼ ਕਰਾਉਂਦੇ ਹਨ, "ਜਿਆਦਾ ਅਭਿਆਸ ਕਰੋ, ਢਾਈ ਘੰਟੇ ਜਾਂ ਇਸ ਤੋਂ ਵੀ ਜ਼ਿਆਦਾ. ਕੀ ਤੁਸੀਂ ਕੁਝ ਪ੍ਰਾਪਤ ਕਰਨਾ ਚਾਹੁੰਦੇ ਹੋ? ਤਾਂ ਸਖ਼ਤ ਮਿਹਨਤ ਕਰੋ." ਉਹ ਇਹ ਸਭ ਕੁਝ ਲਈ ਸਾਡੇ ਮਨ ਦੇ ਉਸ ਖਿਆਲ ਕਰਕੇ ਹੀ ਕਰਦੇ ਹਨ. ਸਾਡੇ ਮਨ ਨੂੰ ਸਿਖਲਾਈ ਦਿੱਤੀ ਗਈ ਹੈ – ਕਿ ਕੋਸ਼ਿਸ਼ ਤੋਂ ਬਿਨਾ ਕੁਝ ਵੀ ਨਹੀਂ ਮਿਲਦਾ. ਇਸ ਲਈ, ਉਹ ਕਹਿੰਦੇ ਹਨ ਕਿ ਜ਼ਿਆਦਾ ਕੋਸ਼ਿਸ਼ ਕਰੋ. ਫਿਰ ਕੀ ਹੁੰਦਾ ਹੈ? ਅਸੀਂ ਮਿਹਨਤ ਕਰਦੇ ਹਾਂ ਅਤੇ ਦੇਖਦੇ ਹਾਂ ਕਿ ਕੋਸ਼ਿਸ਼ ਨਾਲ ਕੁਝ ਵੀ ਪ੍ਰਾਪਤ ਨਹੀਂ ਹੋ ਰਿਹਾ. ਫਿਰ ਅਸੀਂ ਆਪਣੇ ਹੱਥ ਖੜੇ ਕਰ ਕੇ ਕਹਿੰਦੇ ਹਾਂ "ਇਹ ਮਿਹਨਤ ਦਾ ਰਾਹ ਨਹੀਂ ਹੈ- ਇਹ ਬਿਨ ਮਿਹਨਤ ਦਾ ਮਾਰਗ ਹੈ. ਇਹ ਕੁਝ ਹੋਰ ਹੀ ਹੈ. "ਸਾਡਾ ਮਨ ਐਸਾ ਹੈ ਕੇ ਫਿਰ ਅਸੀਂ ਜਿਆਦਾ ਜ਼ੋਰ ਨਾਲ ਬਿਨ ਮਿਹਨਤ ਵਾਲਾ ਅਭਿਆਸ ਕਰਨ ਦੀ ਕੋਸ਼ਿਸ਼ ਕਰਦੇ ਹਾਂ. ਇਕ ਵਾਰੀ ਕਿਸੇ ਆਦਮੀ ਨੇ ਮੈਨੂੰ ਲਿਖਿਆ, "ਮੈਨੂੰ ਰਹੱਸ ਪਤਾ ਲੱਗ ਗਿਆ ਹੈ. ਅਧਿਆਤਮਕ ਮਾਰਗ ਮਿਹਨਤ ਦਾ ਮਾਰਗ ਨਹੀਂ ਹੈ". ਜਿਨੀ ਜ਼ਿਆਦਾ ਤੁਸੀਂ ਕੋਸ਼ਿਸ਼ ਕਰੋਗੇ, ਉਨੀ ਜ਼ਿਆਦਾ ਹਉਮੈ ਵੱਧ ਜਾਏਗੀ. ਜਦੋਂ ਤੁਸੀਂ ਕਹਿੰਦੇ ਹੋ, "ਮੈਂ ਇੰਨੇ ਘੰਟੇ ਲਗਾ ਦਿੱਤੇ ਹਨ ਤਾਂ ਹਉਮੈ ਵੱਧ ਰਹੀ ਹੁੰਦੀ ਹੈ. "ਮੈਂ" ਬਹੁਤ ਮਿਹਨਤ ਕੀਤੀ ਹੈ, ਮੈਂ ਇਹ ਸਭ ਕੀਤਾ ਹੈ, ਅਤੇ "ਮੈਂ" ਬਹੁਤ ਮਜ਼ਬੂਤ ਹੋ ਜਾਂਦੀ ਹੈ. ਇਸ ਲਈ, ਉਸ ਆਦਮੀ ਨੇ

ਮੈਨੂੰ ਲਿਖਿਆ "ਮੈਂ ਖੋਜ ਲਿਆ ਹੈ ਕਿ ਇਸ ਮਾਰਗ ਤੇ ਮਿਹਨਤ ਦੀ ਬਹੁਤੀ ਲੋੜ ਨਹੀਂ, ਕਿਉਂਕਿ ਇਸ ਨਾਲ ਹਉਮੈ ਪੈਦਾ ਹੁੰਦੀ ਹੈ ਜੋ ਬਹੁਤ ਵੱਡੀ ਰੁਕਾਵਟ ਬਣਦੀ ਹੈ." ਇਸ ਲਈ, ਆਪਣੇ ਪੱਤਰ ਦੇ ਅਖੀਰ ਵਿਚ ਉਸਨੇ ਲਿਖਿਆ, "ਮੈਂ ਹੁਣ ਬਹੁਤ ਮਿਹਨਤ ਨਾਲ ਬਿਨ ਮਿਹਨਤ ਵਾਲਾ ਅਭਿਆਸ ਕਰਨ ਦੀ ਕੋਸ਼ਿਸ਼ ਕਰਾਂਗਾ". ਇਹ ਹੈ ਸਾਡਾ ਮੰਨ. ਇਸ ਤਰ੍ਹਾਂ ਕਰਦਾ ਹੈ ਸਾਡਾ ਮਨ. ਇਹ ਇਸ ਤੋਂ ਬਾਹਰ ਨਹੀਂ ਆ ਸਕਦਾ. ਇਸੇ ਲਈ ਇਹ ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਜਾ perfect living master ਆਉਂਦੇ ਨੇ ਅਤੇ ਸਾਡੇ ਯਤਨਾਂ ਵਿੱਚ ਸਾਡੀ ਸਹਾਇਤਾ ਕਰਦੇ ਹਨ. ਉਹ ਕਹਿੰਦੇ ਹਨ, "ਹਾਂ, ਠੀਕ ਹੈ, ਆਪਣਾ ਯਤਨ ਜਾਰੀ ਰਖੋ ਜਦ ਤਕ ਤੁਹਾਨੂੰ ਇਹ ਪਤਾ ਨਾ ਲੱਗੇ ਕਿ ਇਹ ਕੋਸ਼ਿਸ਼ ਨਾਲ ਕੁਝ ਨਹੀਂ ਹੁੰਦਾ".

ਉਹ ਤੁਹਾਨੂੰ ਬੌਧਿਕ ਪੜ੍ਹਾਈ ਕਰਾਂਦੇ ਹਨ. ਉਹ ਤੁਹਾਨੂੰ ਸਖ਼ਤ ਪੜ੍ਹਾਈ ਕਰਨ ਲਈ ਕਹਿੰਦੇ ਹਨ. ਉਹ ਕਹਿੰਦੇ ਹਨ ਕਿਤਾਬਾਂ ਪੜ੍ਹੋ, ਪ੍ਰਵਚਨ ਸੁਣੋ ... ਕਿਉਂ? ਕਿਉਂਕਿ ਅਸੀਂ ਸੋਚਦੇ ਹਾਂ ਕਿ ਗਿਆਨ ਪ੍ਰਾਪਤੀ ਦਾ ਏਹੀ ਰਸਤਾ ਹੈ. ਇਸ ਲਈ, ਉਹ ਸਾਡੇ ਨਾਲ ਬੌਧਿਕ ਵਿਚਾਰ-ਵਟਾਂਦਰਾ ਕਰਦੇ ਹਨ. ਉਹ ਸਾਡੇ ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ, ਉਹ ਵੱਖ-ਵੱਖ ਮੁੱਦਿਆਂ ਤੇ ਸਾਡੇ ਨਾਲ ਥੋੜ੍ਹੀ ਥੋੜ੍ਹੀ ਚਰਚਾ ਕਰਦੇ ਹਨ. ਸਾਡੇ ਮਨ ਦੇ ਹਰ ਸਵਾਲ ਬਾਰੇ ਉਹ ਸਾਡੇ ਨਾਲ ਵਿਚਾਰ ਕਰਦੇ ਹਨ, ਇਹ ਜਾਣਦੇ ਹੋਏ ਕਿ ਇਹਨਾਂ ਵਿਚੋਂ ਕਿਸੇ ਨੇ ਸਾਨੂੰ ਸੱਚਖੰਡ ਨਹੀਂ ਲੈ ਕੇ ਜਾਣਾ. ਪਰ ਜਦ ਅਸੀਂ ਇਸ ਤਰਾਂ ਕਰਦੇ ਥੱਕ ਜਾਂਦੇ ਹਾਂ, ਤਾਂ ਸਾਨੂੰ ਮਹਿਸੂਸ ਹੁੰਦਾ ਹੈ ਕਿ ਇਹ ਬੌਧਿਕ ਗਿਆਨ ਸਾਨੂੰ ਉਥੇ ਨਹੀਂ ਪਹੁੰਚਾ ਸਕਦਾ ਜਿੱਥੇ ਅਸੀਂ ਜਾਣਾ ਚਾਹੁੰਦੇ ਹਾਂ. ਤਦ ਉਹ ਪਿਆਰ ਅਤੇ ਗੁਰਭਕਤੀ ( love and devotion ) ਦਾ ਅਸਲੀ ਢੰਗ ਵਰਤਦੇ ਨੇ. ਇਹ ਪਿਆਰ ਅਤੇ ਗੁਰਭਕਤੀ ( love and devotion ) ਹੀ ਸਿਰਫ ਸੱਚਾ ਰੂਹਾਨੀ ਤਰੀਕਾ ਹੈ. ਪਿਆਰ ਅਤੇ ਗੁਰਭਕਤੀ ( love and devotion ) ਤੋਂ ਬਿਨਾਂ ਕੋਈ ਰੂਹਾਨੀਅਤ ਨਹੀਂ. ਬਾਕੀ ਸਾਰੀਆਂ ਮਾਨਸਿਕ ਖੇਡਾਂ(mental games) ਹਨ. ਅਸੀਂ ਮਾਨਸਿਕ ਖੇਡਾਂ ਖੇਡਦੇ ਹਾਂ, ਉਹ ਸਾਡੇ ਨਾਲ ਮਾਨਸਿਕ ਖੇਡਾਂ ਖੇਡਦੇ ਹਨ, ਪਰ ਉਹ ਜਾਣਦੇ ਹਨ ਕਿ ਅਖੀਰ ਵਿਚ ਇਕੋ ਚੀਜ਼ ਸਾਨੂੰ ਸਾਡੇ ਸੱਚੇ ਘਰ ਲੈਕੇ ਜਾਵੇਗੀ ਪ੍ਰੇਮ ਅਤੇ ਗੁਰਭਕਤੀ ( love and devotion ).

ਪਿਆਰ ਅਤੇ ਗੁਰਭਕਤੀ ( love and devotion ) ਦਾ ਕੀ ਮਤਲਬ ਹੈ? ਗੁਰਭਕਤੀ(devotion ) ਪਿਆਰ ਦਾ ਪ੍ਰਤੀਕਰਮ(response) ਹੈ. ਜਦੋਂ ਵੀ ਅਸੀਂ ਕਿਸੇ ਦਾ ਪਿਆਰ ਮਹਿਸੂਸ ਕਰਦੇ ਹਾਂ, ਅਸੀਂ ਸਹਿਜ ਸੁਭਾਹ ਉਸ ਵਿਅਕਤੀ ਨੂੰ ਪਿਆਰ ਕਰਨਾਂ ਸ਼ੁਰੂ ਕਰ ਦਿੰਦੇ ਹਾਂ. ਇਸ ਲਈ ਅਸੀਂ ਹਰ ਵੇਲੇ ਇਹ ਪਿਆਰ ਅਤੇ ਗੁਰਭਕਤੀ ( love and devotion ) ਦੀ ਗੱਲ ਕਰਦੇ ਹਾਂ. ਇਹ ਬਹੁਤ ਮਹੱਤਵਪੂਰਨ ਹੈ. ਅਸੀਂ ਅਕਸਰ ਇਹ ਭੁੱਲ ਜਾਂਦੇ ਹਾਂ ਕਿ ਸਾਰਾ ਹੀ ਰੂਹਾਨੀ ਮਾਰਗ ਪਿਆਰ ਅਤੇ ਗੁਰਭਕਤੀ ( love and devotion ) ਤੇ ਆਧਾਰਿਤ ਹੈ. ਸਾਰਾ ਅਧਿਆਤਮਿਕ ਮਾਰਗ ਪਿਆਰ ਅਤੇ ਸ਼ਰਧਾ ਤੇ ਆਧਾਰਿਤ ਹੈ.

ਲੋਕ ਕਈ ਕਈ ਸਾਲ ਬਿਨਾ ਭਾਵ ਅਤੇ ਪਿਆਰ ਤੋਂ ਅਭਿਆਸ ਨੂੰ ਇਕ mechanical ਤਰੀਕੇ ਨਾਲ ਕਰਦੇ ਨੇ ਇਸ ਆਸ ਵਿਚ ਕਿ ਕੁਝ ਹੋਵੇਗਾ. ਕੁਝ ਵੀ ਨਹੀਂ ਹੁੰਦਾ ਹੈ. ਕਿਉਂਕਿ ਇਹ ਅਭਿਆਸ ਕੋਈ mechanical ਕਸਰਤ ਨਹੀਂ ਹੈ. ਪਿਆਰ ਅਤੇ ਗੁਰਭਕਤੀ ( love and devotion ) ਤੋਂ ਬਿਨਾ ਅਭਿਆਸ ਖਾਲੀ ਰਹਿ ਜਾਂਦਾ ਹੈ. ਇਹ ਕੁਝ ਨਹੀਂ ਕਰ ਸਕਦਾ, ਪਰ ਪਿਆਰ ਅਤੇ ਗੁਰਭਕਤੀ ( love and devotion ) ਦੇ ਨਾਲ ਅਭਿਆਸ ਕਰਕੇ ਤੁਸੀਂ ਕੁਝ ਪ੍ਰਾਪਤ ਕਰਦੇ ਹੋ. ਇਹ ਅਭਿਆਸ ਕੀ ਹੈ? ਕਿਸੇ ਚੀਜ਼ ਬਾਰੇ ਵਿਚਾਰ ਕਰਨ ਨੂੰ ਅਭਿਆਸ ਕਹਿੰਦੇ ਹਾਂ. ਅਸੀਂ ਹਰ ਸਮੇਂ, ਅਭਿਆਸ ਕਰਦੇ ਹਾਂ, ਪਰ ਦੁਨਿਆਵੀ ਚੀਜ਼ਾਂ ਤੇ. ਅਸੀਂ ਬਾਹਰੀ ਰਿਸ਼ਤਿਆਂ ਬਾਰੇ ਵਿਚਾਰ ਕਰਦੇ ਰਹਿੰਦੇ ਹਾਂ. ਅਸੀਂ ਹਰ ਸਮੇਂ ਉਨ੍ਹਾਂ ਬਾਰੇ ਸੋਚਦੇ ਰਹਿੰਦੇ ਹਾਂ.

ਇੱਥੇ ਉਹ ਕੀ ਕਹਿੰਦੇ ਹਨ, "ਸੱਚ ਨੂੰ ਵੀਚਾਰੋ, ਆਪਣੇ ਆਪ ਨੂੰ ਵੀਚਾਰੋ, ਪ੍ਰਭੂ ਦੀ ਪ੍ਰੀਤ ਅਤੇ ਗੁਰਭਕਤੀ ਦੇ ਬਾਰੇ ਸੋਚੋ. ਅਭਿਆਸ ਕਰੋ ਅਤੇ ਆਪਣੇ ਮੁਰਸ਼ਦ ਲਈ ਪਿਆਰ ਅਤੇ ਗੁਰਭਕਤੀ ਨੂੰ ਵਧਾਵੋ. "ਅਸੀਂ ਇਨ੍ਹਾਂ ਚੀਜਾਂ ਵਾਸਤੇ, ਅਭਿਆਸ ਦੇ ਜਰੀਏ ਚੁੱਪ ਹੋਕੇ, ਆਪਣੇ ਆਪ ਨੂੰ ਸਥਿਰ ਕਰਕੇ, ਕੁਝ ਸਮੇ ਅੱਖਾਂ ਬੰਦ ਕਰਦੇ ਹਾਂ ਤਾਂ ਕਿ ਅੰਦਰ ਵੱਲ ਧਿਆਨ ਦੇਕੇ ਪ੍ਰਮੇਸ਼ਵਰ ਨਾਲ ਗੱਲ ਕਰ ਸਕੀਏ, ਆਪਣੇ ਮੁਰਸ਼ਿਦ ਨਾਲ ਗੱਲ ਕਰੀਏ, ਆਪਣੇ ਨਾਲ ਗੱਲ ਕਰੀਏ. ਪਤਾ ਕਰੀਏ ਕਿ ਸਾਡੇ ਅੰਦਰ ਕੌਣ ਹੈ. ਸਾਰੇ ਧਰਮਾਂ ਨੇ ਬਿਨਾਂ ਕਿਸੇ ਅਪਵਾਦ ਦੇ ਕਿਹਾ ਹੈ ਕਿ ਸੱਚ ਤੁਹਾਡੇ ਅੰਦਰ ਹੈ, ਨਾ ਕਿ ਬਾਹਰ. ਉਹ ਇਹ ਵੀ ਕਹਿੰਦੇ ਹਨ ਕਿ ਜੋ ਬਾਹਰ ਹੈ ਉਹ ਸਿਰਫ ਇਕ ਰਚਨਾ ਹੈ. ਇਹ ਇੱਕ ਪਰਛਾਵੇਂ ਵਾਂਗ ਹੈ. ਇਸ ਬਾਹਰ ਵਾਲੀ ਰਚਨਾ ਨੂੰ ਇਸ ਤਰਾਂ ਬਣਾਇਆ ਗਿਆ ਕਿ ਇਹ ਅਸਲ ਲੱਗੇ ਕਿਉਂਕਿ ਅਸੀਂ ਅਸਲੀਅਤ ਅਨੁਭਵ ਕਰਨਾ ਚਾਹੁੰਦੇ ਸਾਂ. ਇਸ ਲਈ ਇਸ ਭਰਮ(illusion ) ਦੀ ਪ੍ਰਕਿਰਿਆ ਦਾ ਪ੍ਰਯੋਗ ਕੀਤਾ ਗਿਆ ਹੈ, ਭਰਮ ਪੈਦਾ ਕਰਨ ਲਈ ਨਹੀਂ, ਸਗੋਂ ਹਕੀਕਤ(reality ) ਪੈਦਾ ਕਰਨ ਲਈ. ਇਸ ਲਈ ਅਸੀਂ ਬਾਹਰ ਇਕ ਅਸਲੀਅਤ ਦਾ ਅਨੁਭਵ ਕਰ ਰਹੇ ਹਾਂ. ਇਹ ਕੇਵਲ ਇੱਕ ਬਹੁਤ ਵਧੀਏ ਅਨੁਭਵ ਲਈ ਸੀ. ਅਸੀਂ ਇੱਕ ਚੰਗਾ ਤਜਰਬਾ ਲੈਣਾ ਚਾਹੁੰਦੇ ਸੀ ਅਤੇ ਇਸ ਕਰਕੇ ਇਹ ਤਜਰਬਾ ਕਰ ਰਹੇਂ ਹਾਂ. ਅਸੀਂ ਹੀ ਇਸ ਨੂੰ ਤਿਆਰ ਕੀਤ. ਅਸੀਂ ਉਦੋਂ ਤਿਆਰ ਕੀਤਾ ਜਦੋਂ ਅਸੀਂ ਸਾਰੇ ਇੱਕ ਹੀ ਸਾਂ, ਜਦੋਂ ਸਿਰਫ ਇੱਕ ਹੀ ਸਿਰਜਣਹਾਰ ਸੀ. ਅਤੇ ਫਿਰ ਅਸਾਂ ਨੇ ਆਪਣੇ ਆਪ ਨੂੰ ਬਹੁਤ ਸਾਰਿਆਂ ਵਿੱਚ ਵੰਡ ਲਿਆ ਅਤੇ ਇੱਕ ਤੋਂ ਕਈ ਬਣ ਗਏ ਤਾਂਕਿ ਇਸ ਸਾਜੀ ਰਚਨਾ ਦਾ ਤਜਰਬਾ ਕਰ ਸਕੀਏ , ਅਤੇ ਇਹੀ ਤਜਰਬਾ ਅਸੀਂ ਹੁਣ ਕਰ ਰਹੇਂ ਹਾਂ.

ਚੇਤਨਾ ਦੇ ਹੋਰ ਕਈ ਪੱਧਰ ਹਨ ਜਿੱਥੇ ਤੁਸੀਂ ਵੱਖੋ ਵੱਖਰੇ ਤਜਰਬਿਆਂ ਦਾ ਅਨੁਭਵ ਕਰ ਸਕਦੇ ਹੋ. ਅਸੀਂ ਹਕੀਕਤ ਨੂੰ ਬਣਾਇਆ, ਨਾ ਕਿ ਭਰਮ ਨੂੰ. ਅਸੀਂ ਹਕੀਕਤ(reality ) ਪੈਦਾ ਕਰਨ ਲਈ ਭਰਮ(illusion ) ਦੀ ਪ੍ਰਕਿਰਿਆ ਦਾ ਇਸਤੇਮਾਲ ਕਰਦੇ ਹਾਂ. ਸੋ ਇਸ ਲਈ, ਕਿਸੇ ਵੀ ਇਕ ਸਮੇਂ, ਸਿਰਫ ਇਕ ਹੀ ਕਿਸਮ ਦਾ ਤਜਰਬਾ ਸਾਨੂੰ ਅਸਲ ਮਹਿਸੂਸ ਹੁੰਦਾ ਹੈ. ਇਸ ਸਮੇਂ,ਸਥੂਲ ਸਰੀਰਕ ਤਜਰਬਾ ਸਾਡੇ ਲਈ ਹਕੀਕਤ ਹੈ, ਅਤੇ ਇਸੇ ਤਰਾਂ ਸਥੂਲ ਮੁਰਸ਼ਿਦ ਸਾਡੇ ਲਈ ਹਕੀਕਤ ਹੈ. ਇਸ ਲਈ ਜੋ ਸਰੀਰਕ ਗਤੀਵਿਧੀ ਅਸੀਂ ਕਰ ਰਹੇ ਹਾਂ ਸਾਡੇ ਲਈ ਅਸਲੀ ਹੈ, ਪਰ ਜਦੋਂ ਅਸੀਂ ਚੇਤਨਾ ਦੀ ਇਸ ਪੱਧਰ ਤੋਂ ਕਿਸੇ ਹੋਰ ਪੱਧਰ ਤੇ ਜਾਂਦੇ ਹਾਂ, ਭਾਵੇਂ ਉੱਚੀ ਜਾਂ ਨੀਵੀਂ, ਤਾਂ ਇਹ ਅਸਲੀਅਤ ਗਾਇਬ ਹੋ ਜਾਂਦੀ ਹੈ. ਇਕ ਹੋਰ ਅਸਲੀਅਤ ਖੁਲਦੀ ਹੈ.

ਆਉ ਅਸੀਂ ਨਿਚਲੇ ਪੱਧਰ ਤੇ ਜਾਣ ਬਾਰੇ ਸੋਚੀਏ ਜਿਵੇਂ ਸੁਪਨਾ ਦੇਖਣ ਬਾਰੇ ਅਸੀਂ ਸੌਂਦੇ ਹਾਂ ਅਤੇ ਇੱਕ ਸੁਪਨਾ ਦੇਖਦੇ ਹਾਂ. ਸੁਪਨੇ ਵਿਚ ਸਾਡਾ ਇੱਕ ਵੱਖਰਾ ਸੰਸਾਰ ਹੈ, ਇੱਕ ਵੱਖਰੀ ਹਕੀਕਤ, ਕੁਦਰਤ ਦੇ ਵੱਖ-ਵੱਖ ਕਾਨੂੰਨਾਂ ਦੀ ਪਾਲਣਾ ਹੁੰਦੀ ਹੈ, ਸਮੇਂ ਅਤੇ ਸਥਾਨ ਦੇ ਵੱਖ-ਵੱਖ ਕਾਨੂੰਨਾਂ ਦੀ ਪਾਲਣਾ ਹੁੰਦੀ ਹੈ. ਇੱਕ

ਸੁਪਨੇ ਵਿੱਚ, ਤੁਸੀਂ ਤੁਰੰਤ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਇਕ ਪਲ ਵਿਚ ਪਹੁੰਚ ਸਕਦੇ ਹੋ, ਅਤੇ ਇਹ ਬਿਲਕੁਲ ਸੁਵਾਭਿਕ ਦਿਖਦਾ ਹੈ. ਸੁਪਨੇ ਤੇ ਕੋਈ ਸਵਾਲ ਨਹੀਂ ਹੁੰਦਾ. ਇੱਕ ਸੁਪਨੇ ਵਿੱਚ ਤੁਸੀਂ 50 ਸਾਲ ਦੀ ਛਾਲ ਮਾਰ ਸਕਦੇ ਹੋ, ਅਤੇ ਇਹ ਅਜੀਬ ਨਹੀਂ ਲਗਦਾ ਹੈ.

ਸੁਪਨੇ ਵਿੱਚ ਸਮੇਂ ਅਤੇ ਜਗ੍ਹਾ (space and time )ਦਾ ਤਜਰਬਾ ਅਲੱਗ ਤਰ੍ਹਾਂ ਦਾ ਹੁੰਦਾ ਹੈ. ਇਸ ਵਿਚ ਤਜਰਬੇ ਦੇ ਨਿਯਮ ਜਾਗ੍ਰਿਤ ਅਵੱਸਥਾ ਨਾਲੋਂ ਬਹੁਤ ਅਲੱਗ ਹੁੰਦੇ ਨੇ, ਅਤੇ ਫਿਰ ਵੀ ਉਹ ਬਿਲਕੁਲ ਸੁਭਾਵਿਕ(normal ) ਲੱਗਦੇ ਨੇ. ਕਿਸਨੂੰ ? ਉਸੇ ਆਪੇ ਨੂੰ ਜਾ ਸਵੈ ਜਾ self ਨੂੰ ਜੋ ਸੌਣ ਗਿਆ ਸੀ. ਜਦੋਂ ਅਸੀਂ ਇੱਕ ਸੁਪਨਾ ਦੇਖਦੇ ਹਾਂ, ਕੋਈ ਹੋਰ ਨਹੀਂ ਸੁਪਨਾ ਦੇਖ ਰਿਹਾ ਹੁੰਦਾ, ਇਹ ਉਹੀ ਆਪਾ ਜਾ ਸਵੈ ਜਾ self ਹੈ ਜੋ ਜਾਗ ਰਿਹਾ ਸੀ. ਉਹੀ ਆਪਾ ਜਾ ਸਵੈ ਜਾ self ਸੁਪਨੇ ਦਾ ਕਿਰਦਾਰ ਬਣ ਜਾਂਦਾ ਹੈ ਅਤੇ ਇਧਰ-ਉਧਰ ਘੁੰਮਦਾ ਹੈ. ਇਹ ਜਾਣੇ ਬਗੈਰ ਕਿ ਉਹ ਬਾਹਰ ਕਿਸੇ ਬਿਸਤਰੇ ਤੇ ਸੌਂ ਰਿਹਾ ਹੈ. ਜਦੋਂ ਤੁਸੀਂ ਜਾਗ ਜਾਂਦੇ ਹੋ ਤਾਂ ਤੁਹਾਨੂੰ ਪਤਾ ਲੱਗਦਾ ਹੈ ਕਿ ਇਹ ਤਾਂ ਇੱਕ ਸੁਪਨਾ ਸੀ, ਇਹ ਅਸਲ ਨਹੀਂ ਸੀ. ਜਦੋਂ ਤੱਕ ਸੁਪਨਾ ਚੱਲਿਆ, ਇਹ ਅਸਲੀ ਹੀ ਲੱਗਦਾ ਸੀ. ਅਸੀਂ ਜਾਗਣ ਦੇ ਤਜਰਬੇ ਨੂੰ ਬੰਦ ਕਰ ਕੇ ਇਕ ਅਸਲੀਅਤ ਨੂੰ ਘੜਿਆ. ਜੇ ਸਾਨੂੰ ਸੁਪਨੇ ਵਿਚ ਵੀ ਇਹ ਪਤਾ ਹੁੰਦਾ ਕਿ ਜਾਗਦੇ ਹੋਏ ਕਿਹੋ ਜਿਹੇ ਸਾਂ ਤਾਂ ਇਹ ਸੁਪਨਾ ਕਦੀ ਵੀ ਸੱਚ ਨਾ ਲੱਗਦਾ. ਸਾਨੂੰ ਅਸਲੀਅਤ ਅਨੁਭਵ ਕਰਨ ਦਾ ਬਹੁਤ ਸ਼ੌਕ ਹੈ. ਹਮੇਸ਼ਾਂ ਹੀ ਅਸਲੀਅਤ ਦਾ ਅਨੁਭਵ ਕਰਨ ਲਈ ਚਾਹਵਾਨ ਰਹਿੰਦੇ ਹਾਂ, ਅਤੇ ਇਸ ਲਈ ਅਸੀਂ ਸੁਪਨੇ ਨੂੰ ਅਸਲੀਅਤ ਬਣਾਉਂਦੇ ਹਾਂ. ਜਦੋਂ ਅਸੀਂ ਜਾਗ ਜਾਂਦੇ ਹਾਂ ਤਾਂ ਪਤਾ ਲੱਗਦਾ ਹੈ ਇਹ ਅਸਲੀ ਨਹੀਂ ਸੀ.

ਜਾਗਣ ਦਾ ਤਜਰਬਾ ਸਾਡੀ ਜਿੰਦਗੀ ਦਾ ਸਭ ਤੋਂ ਵੱਡਾ ਤਜਰਬਾ ਹੈ, ਕਿਉਂਕਿ ਇਹ ਇਕ ਅਜਿਹਾ ਤਜਰਬਾ ਹੈ ਜਿੱਥੇ ਤੁਸੀਂ ਕਦੇ ਵੀ ਕਿਸੇ ਨੂੰ ਨਹੀਂ ਪੁੱਛਦੇ , "ਮੈਨੂੰ ਸਬੂਤ ਦਿਓ ਕਿ ਮੈਂ ਜਾਗਦਾ ਹਾਂ." ਪਰ ਜੇ ਤੁਸੀਂ ਸੁਪਨੇ ਵਿਚ ਕਿਸੇ ਨੂੰ ਇਹ ਕਹਿੰਦੇ ਹੋ, "ਮੈਂ ਇਕ ਦਿਨ ਜਾਗ ਜਾਵਾਂਗਾ ", ਉਹ ਕਹਿਣਗੇ, "ਤੁਸੀਂ ਜਾਗ ਹੀ ਰਹੇ ਹੋ." ਫਿਰ ਤੁਸੀਂ ਕਹਿੰਦੇ ਹੋ, "ਅਸੀਂ ਜਾਗ ਨਹੀਂ ਰਹੇ. ਸਾਨੂੰ ਜਾਗਣਾ ਪਵੇਗਾ. "ਉਹ ਕਹਿੰਦੇ ਹਨ,"ਕੋਈ ਸਬੂਤ ਦਿਓ". ਤੁਸੀਂ ਕੋਈ ਸਬੂਤ ਨਹੀਂ ਦੇ ਪਾਂਦੇ.

ਜਦੋਂ ਤੁਸੀਂ ਜਾਗ ਜਾਂਦੇ ਹੋ, ਅਸਲ ਵਿੱਚ, ਆਪਣੀਆਂ ਅੱਖਾਂ ਖੋਲ੍ਹਣ ਤੋਂ ਵੀ ਪਹਿਲਾਂ, ਤੁਸੀਂ ਅਜੇ ਬੰਦ ਅੱਖਾਂ ਨਾਲ ਆਪਣੇ ਬਿਸਤਰੇ ਵਿੱਚ ਪਏ ਹੋ, ਫਿਰ ਵੀ ਤੁਹਾਨੂੰ ਪਤਾ ਹੈ ਕਿ ਤੁਸੀਂ ਜਾਗ ਰਹੇ ਹੋ. ਤੁਸੀਂ ਆਪਣੇ ਅੰਗਾਂ ਨੂੰ ਨਹੀਂ ਹਿਲਾਂਦੇ, ਤੁਸੀਂ ਆਪਣੇ ਆਪ ਨੂੰ ਚੂੰਢੀ ਨਹੀਂ ਵੱਢਦੇ ਨਹੀਂ. ਤੁਸੀਂ ਕੋਈ ਸਬੂਤ ਨਹੀਂ ਮੰਗਦੇ.

ਮੰਨ ਲਵੋ ਤੁਸੀਂ ਸਵੇਰੇ ਜਾਗਦੇ ਹੋ ਅਤੇ ਦਸ ਲੋਕ ਤੁਹਾਡੇ ਕੋਲ ਆ ਕੇ ਕਹਿੰਦੇ ਹਨ, "ਤੁਸੀਂ ਅਜੇ ਵੀ ਸੌਂ ਰਹੇ ਹੋ," ਤੁਸੀਂ ਉਹਨਾਂ ਤੇ ਵਿਸ਼ਵਾਸ ਨਹੀਂ ਕਰੋਗੇ, ਕਿਉਂਕਿ ਜਾਗਣ ਦਾ ਸਬੂਤ, ਕਿ ਤੁਸੀਂ ਜਾਗ ਰਹੇ ਹੋ,ਆਪਣੇ ਆਪ ਵਿਚ ਪੂਰਾ ਹੈ. ਕੋਈ ਵੀ ਤੁਹਾਨੂੰ ਇਹ ਚੁਣੌਤੀ ਨਹੀਂ ਦੇ ਸਕਦਾ ਕਿ ਤੁਸੀਂ ਜਾਗ ਨਹੀਂ ਰਹੇ ਹੋ.

ਇਹ ਕਿਹੋ ਜਿਹਾ ਤਜਰਬਾ ਹੈ ਕਿ ਜਦੋਂ ਤੁਸੀਂ ਜਾਗਦੇ ਹੋ ਤਾਂ ਤੁਹਾਨੂੰ ਕਿਸੇ ਸਬੂਤ ਦੀ ਲੋੜ ਨਹੀਂ ਹੈ? ਪਰ ਹੋਰ ਸਾਰੀਆਂ ਚੀਜ਼ਾਂ ਲਈ ਅਸੀਂ ਲਗਾਤਾਰ ਸਬੂਤ ਮੰਗਦੇ ਹਾਂ, ਸਾਡੀ ਬੁੱਧੀ ਲਗਾਤਾਰ ਸਬੂਤ ਮੰਗ ਰਹੀ ਹੈ. ਸਬੂਤ ਕਿੱਥੇ ਹੈ? ਲੋਕ ਕਹਿੰਦੇ ਹਨ ਕਿ ਤੁਸੀਂ ਹੋਰ ਅੱਗੇ ਜਾਗ ਸਕਦੇ ਹੋ- ਸਬੂਤ ਕਿੱਥੇ ਹੈ? ਜਦੋਂ ਤੁਸੀਂ ਚੇਤਨਾ ਦੀ ਇਕ ਅਵੱਸਥਾ ਵਿਚ ਹੁੰਦੇ, ਤਾਂ ਚੇਤਨਾ ਦੀ ਦੂਜੀ ਸਥਿਤੀ ਬਾਰੇ ਕੁਝ ਵੀ ਨਹੀਂ ਸਾਬਤ ਕਰ ਸਕਦੇ ਹੋ, ਪਰ ਜਦੋਂ ਤੁਸੀਂ ਜਾਗ ਜਾਂਦੇ ਹੋ ਤਾਂ ਤੁਹਾਨੂੰ ਕਿਸੇ ਸਬੂਤ ਦੀ ਜ਼ਰੂਰਤ ਨਹੀਂ ਹੈ. ਜਾਗਣ ਦੀ ਪ੍ਰਕਿਰਿਆ ਹੀ ਖੁਦ ਸਬੂਤ ਹੈ.

ਉਹ ਜਾਗਣ ਦੀ ਕਿਹੜੀ ਪ੍ਰਕਿਰਿਆ ਹੈ ਜੋ ਤੁਹਾਨੂੰ ਪੂਰੀ ਤਰ੍ਹਾਂ ਨਿਸ਼ਚਿਤ ਕਰਾਂਦੀ ਹੈ ਕਿ ਤੁਸੀਂ ਜਾਗ ਰਹੇ ਹੋ? ਤੁਸੀਂ ਸਵੇਰੇ ਉੱਠਦੇ ਹੋ ... ਤੁਹਾਨੂੰ ਕਿਵੇਂ ਨਿਸ਼ਚੇਪੂਰਵਕ ਇਹ ਪਤਾ ਲੱਗਦਾ ਹੈ ਕਿ ਤੁਸੀਂ ਇੱਕ ਸੁਪਨਾ ਦੇਖਿਆ ਸੀ?. ਤੁਸੀਂ ਸੁੱਤੇ ਹੋਏ ਸੀ ਅਤੇ ਹੁਣ ਕਿਸੇ ਜਾਗਣ ਦੇ ਸਬੂਤ ਤੋਂ ਬਿਨਾ ਜਾਗ ਰਹੇ ਹੁੰਦੇ ਹੋ. ਤੁਸੀਂ ਆਪਣੇ ਆਪ ਨੂੰ ਚੂੰਢੀ ਵਡ ਕੇ ਨਹੀਂ ਦੇਖਦੇ ਕਿ ਤੁਸੀਂ ਜਾਗ ਰਹੇ ਹੋ. ਤੁਹਾਡੇ ਲਈ ਇਹ ਸਬੂਤ ਕਾਫੀ ਹੈ ਕਿ ਤੁਹਾਡੀ ਚੇਤਨਾ ਨੂੰ ਯਾਦ ਹੈ ਕਿ ਤੁਸੀਂ ਸੌਣ ਗਏ ਸੀ. ਤੁਹਾਨੂੰ ਯਾਦ ਹੈ ਕਿ ਤੁਸੀਂ ਉਸ ਮੰਜੇ ਤੇ ਸੌਣ ਲਈ ਗਏ ਸੀ ਅਤੇ ਹੁਣ ਤੁਸੀਂ ਆਪਣੀਆਂ ਅੱਖਾਂ ਖੋਲ੍ਹੇ ਬਿਨਾ ਜਾਗੇ ਹੋਏ ਹੋ. ਤੁਸੀਂ ਉਸੇ ਮੰਜੇ ਤੇ ਹੋ. ਤੁਹਾਨੂੰ ਸਭ ਯਾਦ ਆ ਜਾਂਦਾ ਹੈ- ਸੌਣ ਤੋਂ ਅਤੇ ਸੁਪਨੇ ਤੋਂ ਪਹਿਲਾਂ ਦੀਆਂ ਗੱਲਾਂ. ਇਕ ਉੱਚੇਰੇ ਪੱਧਰ ਦੀ ਚੇਤਨ ਅਵੱਸਥਾ ਵਿਚ ਜਾਗਣਾ ਇਸੇ ਤਰਾਂ ਦਾ ਹੁੰਦਾ ਹੈ. ਜਦੋਂ ਤੁਸੀਂ ਇੱਕ ਉੱਚ ਪੱਧਰ ਦੀ ਚੇਤਨ ਅਵੱਸਥਾ ਵਿੱਚ ਜਾਂਦੇ ਹੋ ਤਾਂ ਤੁਹਾਨੂੰ ਯਾਦ ਆਉਂਦਾ ਹੈ ਕਿ ਜਨਮ ਤੋਂ ਪਹਿਲਾਂ ਵੀ ਤੁਸੀਂ ਇੱਥੇ ਸੀ. ਤੁਹਾਨੂੰ ਯਾਦ ਆ ਜਾਂਦਾ ਹੈ ਕਿ ਇੱਥੇ ਦੀ ਉਮਰ ਬਹੁਤ ਲੰਮੀ ਹੈ. ਇਹ ਇਕ ਬਹੁਤ ਹੀ ਛੋਟਾ ਜੀਵਨ ਸੀ. ਤੁਹਾਨੂੰ ਇਸ ਕਿਸਮ ਦਾ ਤਜਰਬਾ ਹੁੰਦਾ ਹੈ ਜੋ ਆਪਣਾ ਸਬੂਤ ਆਪ ਹੁੰਦਾ ਹੈ.

ਇਸ ਲਈ, ਜਦੋਂ ਅਸੀਂ ਕਹਿੰਦੇ ਹਾਂ ਚਲੋ ਸੱਚਖੰਡ ਦੀ ਰੂਹਾਨੀ ਯਾਤਰਾ ਤੇ ਚਲੀਏ, ਤਾਂ ਅਸਲ ਵਿੱਚ ਇਹ ਇੱਕ ਯਾਤਰਾ ਨਹੀਂ ਹੈ. ਇਹ ਜਾਗਰੂਕਤਾ ਦੀ ਇੱਕ ਲੜੀ ਹੈ. ਅਸੀਂ ਆਪਣੇ ਆਪ ਨੂੰ ਵਾਰ-ਵਾਰ ਜਗਾਉਂਦੇ ਜਾਂਦੇ ਹਾਂ. ਅਸੀਂ ਆਪਣੇ ਆਪ ਨੂੰ ਜਗਾਉਂਦੇ ਹਾਂ ਤਾਂ ਪਤਾ ਲਗਦਾ ਹੈ ਕਿ ਸਾਡੇ ਵਿਚ ਇਕ ਹੋਰ ਆਪਾ ਜਾਂ ਸਵੈ ਜਾਂ self ਹੈ, ਜਿਸਦੀ ਉਮਰ ਲੰਬੀ ਹੈ. ਇਹ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਆਉਂਦਾ ਜਾਂਦਾ ਹੈ, ਕਈ ਪੁਨਰ ਜਨਮ ਲੈਂਦਾ ਹੈ. ਜਦੋਂ ਅਸੀਂ ਕਿਸੇ ਸਥੂਲ ਸਰੀਰ ਵਿੱਚ ਹੁੰਦੇ ਹਾਂ ਤਾਂ ਅਸੀਂ ਇਹਨਾਂ ਚੀਜ਼ਾਂ ਤੇ ਬਹਿਸ ਨਹੀਂ ਕਰਦੇ. ਕੀ ਮੌਤ ਤੋਂ ਬਾਅਦ ਵੀ ਜੀਵਨ ਹੈ? ਪੁਨਰ ਜਨਮ ਹੈ ਜਾਂ ਨਹੀਂ? ਜਾਂ ਮੈਂ ਇਸ ਤੇ ਵਿਸ਼ਵਾਸ ਕਰਦਾ ਹਾਂ ਕੇ ਨਹੀਂ – ਇਹ ਮੂਰਖਤਾ ਭਰਪੂਰ ਦਲੀਲ ਹੈ. ਜਾਗੋ ਅਤੇ ਵੇਖੋ – ਕੀ ਤੁਸੀਂ ਉਧਰ ਸੀ ਜਾਂ ਨਹੀਂ. ਖਾਣੇ ਦਾ ਸਬੂਤ ਤਾਂ ਉਸ ਨੂੰ ਚਖ ਕੇ ਸਧਾਰਨ ਹੀ ਆ ਜਾਂਦਾ ਹੈ. ਉਹ ਹੀ ਸਭ ਤੋਂ ਵਧੀਆ ਸਬੂਤ ਹੋ ਸਕਦਾ ਹੈ. ਮਰਨ ਤੋਂ ਬਾਅਦ ਦਾ ਪਤਾ ਜਿੰਦੇ ਜੀ ਮਰਕੇ ਹੀ ਲਗ ਸਕਦਾ ਹੈ.

ਇਸ ਲਈ, ਜੇ ਕੋਈ ਕਹਿੰਦਾ ਹੈ, "ਮੈਂ ਨਹੀਂ ਵਿਸ਼ਵਾਸ ਕਰਦਾ ਕਿ ਮੌਤ ਤੋਂ ਬਾਅਦ ਵੀ ਜੀਵਨ ਹੁੰਦਾ ਹੈ." "ਠੀਕ ਹੈ, ਮਰੋ ਅਤੇ ਸਾਨੂੰ ਦੱਸੋ." ਉਹ ਕਹਿੰਦਾ ਹੈ, ਪਰ ਮੈਂ ਤੁਹਾਨੂੰ ਦੱਸਣ ਲਈ ਇਥੇ ਨਹੀਂ ਹੋਵਾਂਗਾ," ਅਤੇ ਮੈਂ ਕਹਿੰਦਾ ਹਾਂ, "ਨਹੀਂ, ਤੁਸੀਂ ਬਿਲਕੁਲ ਦਸ ਸਕਦੇ ਹੋ. ਮਰਨ ਦਾ ਦਿਖਾਵਾ ਕਰੋ - ਮੌਤ ਦੀ ਨਕਲ ਕਰੋ- ਅਤੇ ਤੁਹਾਨੂੰ ਸਭ ਪਤਾ ਲੱਗ ਜਾਵੇਗਾ. "
ਮੌਤ ਦੀ ਨਕਲ ਕਰਨਾ ਬਹੁਤ ਆਸਾਨ ਹੈ. ਕੀ ਹੁੰਦਾ ਹੈ? ਭਾਰਤ ਦੇ ਇਕ ਮਹਾਨ ਰਿਸ਼ੀ, ਮਹਾਰਿਸ਼ੀ ਰਮਨ, ਉਨ੍ਹਾਂ ਨੇ ਸਿਰਫ ਮੌਤ ਦਾ ਪ੍ਰਗਟਾਵਾ ਕਰਕੇ ਹੀ ਸੱਚ ਦੀ ਖੋਜ ਕੀਤੀ ਸੀ. ਉਹ ਇਕੱਲੇ ਸਨ, ਅਤੇ ਉਨ੍ਹਾਂ ਕੋਲ ਇਕ ਹੀ ਸੇਵਾਦਾਰ ਸੀ. ਇਕ ਵਾਰ ਸੇਵਾਦਾਰ ਕਿਸੇ ਕੰਮ ਲਈ ਚਲਾ ਗਿਆ ਅਤੇ ਅਚਾਨਕ ਰਮਨ ਬਹੁਤ ਬਿਮਾਰ ਹੋ ਗਏ. ਉਨ੍ਹਾਂ ਨੇ ਕਿਹਾ, "ਮੇਰਾ ਸੇਵਾਦਾਰ ਇੱਥੇ ਨਹੀਂ ਹੈ, ਜੇ ਮੈਂ ਮਰ ਗਿਆ ਤਾਂ ਕੌਣ ਮੇਰੀ ਸੰਭਾਲ ਕਰੇਗਾ?" ਫਿਰ ਅਚਾਨਕ ਉਨ੍ਹਾਂ ਨੂੰ ਇਕ ਵਿਚਾਰ ਆਇਆ," ਮੌਤ ਤੋਂ ਬਾਅਦ ਕੀ ਹੁੰਦਾ ਹੈ? ਮਰਨ ਤੋਂ ਬਾਅਦ ਮੇਰੇ ਨਾਲ ਕੀ ਹੋਵੇਗਾ? ਕੀ ਮੇਰਾ ਸਾਰਾ ਸਰੀਰ ਕਠੋਰ ਹੋ ਜਾਵੇਗਾ?" ਫਿਰ ਉਨ੍ਹਾਂ ਨੇ ਆਪਣੇ ਸਰੀਰ ਨੂੰ ਕਠੋਰ ਕਰ ਲਿਆ. "ਸਾਹ ਲੈਣਾ ਬੰਦ ਹੋ ਜਾਊ. ਮੈਂ ਇੰਝ ਕਰ ਲੈਂਦਾ ਹਾਂ ... "ਇਸ ਲਈ,ਉਨ੍ਹਾਂ ਨੇ ਮਰਨ ਦਾ ਦਿਖਾਵਾ ਕਰ ਲਿਆ, ਅਤੇ ਕਿਹਾ," ਜੇ ਮੈਂ ਮਰ ਗਿਆ ਹਾਂ ਤਾਂ ਇਹ ਮੇਰੇ ਅੰਦਰ ਕੋਣ ਬੋਲ ਰਿਹਾ ਹੈ? ਕੌਣ ਪੁੱਛ ਰਿਹਾ ਹੈ, ਕੀ ਤੁਸੀਂ ਮਰ ਗਏ ਹੋ ਜਾਂ ਨਹੀਂ? ਇਹ ਆਵਾਜ਼ ਕਿਵੇਂ ਹੁਣ ਪਹਿਲਾਂ ਨਾਲੋਂ ਵੱਧ ਸ਼ਕਤੀਸ਼ਾਲੀ ਹੋ ਗਈ ਹੈ? ਇਸ ਸਭ ਨਾਲ ਉਨ੍ਹਾਂ ਨੂੰ ਪਤਾ ਲਗਿਆ ਕਿ ਸਾਡੇ ਵਿਚ ਇਕ ਅਜਿਹੀ ਚੀਜ਼ ਹੈ ਜੋ ਕਦੇ ਮਰਦੀ ਨਹੀਂ. ਅਤੇ ਇਸ ਲਈ, ਤੁਸੀਂ ਅਭਿਆਸ ਦੀ ਸਧਾਰਨ ਪ੍ਰਕਿਰਿਆ ਦੁਆਰਾ, ਜਿਉਂਦੇ ਜੀ ਮੌਤ ਦਾ ਅਨੁਭਵ ਕਰ ਸਕਦੇ ਹੋ, ਅਤੇ ਇਸ ਗੱਲ ਦੀ ਜਾਂਚ ਕਰ ਸਕਦੇ ਹੋ, ਕਿ ਕੀ ਹੁੰਦਾ ਹੈ. ਇਹ ਨਹੀਂ ਹੈ ਕਿ ਅਸਲ ਜਾਣਕਾਰੀ ਤੋਂ ਬਿਨਾ ਅਸੀਂ ਇੰਨਾਂ ਚੀਜਾਂ ਬਾਰੇ ਲਗਾਤਾਰ ਬਹਿਸ ਕਰੀ ਜਾਈਏ. ਅਸਲੀ ਗਿਆਨ ਪ੍ਰਾਪਤ ਕਰੋ, ਅਤੇ ਇਹ ਕਰਨ ਦਾ ਢੰਗ ਬਹੁਤ ਸਰਲ ਹੈ.

ਜਦੋਂ ਤੁਸੀਂ ਸਰੀਰਕ ਤੌਰ ਤੇ ਮਰਦੇ ਹੋ, ਤਾਂ ਕੀ ਹੁੰਦਾ ਹੈ? ਤੁਸੀਂ ਇਕੋ ਵਾਰੀ ਵਿਚ ਨਹੀਂ ਮਰਦੇ ਪਰ ਹੌਲੀ ਹੌਲੀ ਮਰਦੇ ਹੋ. ਜੇ ਤੁਸੀਂ ਕਿਸੇ ਨੂੰ ਮਰਦੇ ਦੇਖਿਆ ਹੋਵੇ, ਤਾਂ ਤੁਸੀਂ ਦੇਖੋਗੇ ਕਿ ਉਹ ਇੱਕੋ ਸਮੇਂ ਨਹੀਂ ਮਰਦੇ ਹਨ. ਪਹਿਲਾਂ ਉਨ੍ਹਾਂ ਦੇ ਹੱਥ-ਪੈਰ ਸੁੰਨ ਹੁੰਦੇ ਹਨ. ਫਿਰ ਉਨ੍ਹਾਂ ਨੂੰ ਹੱਥਾਂ ਪੈਰਾਂ ਬਾਰੇ ਕੁਝ ਵੀ ਨਹੀਂ ਪਤਾ ਰਹਿੰਦਾ. ਉਹ ਆਪਣੇ ਸਿਰੇ ਵਾਲੇ ਅੰਗਾਂ ਤੋਂ ਅਣਜਾਣ ਹੋ ਜਾਂਦੇ ਹਨ, ਅਤੇ ਫਿਰ ਉਹ ਆਪਣੀਆਂ ਬਾਹਾਂ ਅਤੇ ਲੱਤਾਂ ਤੋਂ ਅਣਜਾਣ ਹੋ ਜਾਂਦੇ ਹਨ. ਉਹ ਹਾਲੇ ਵੀ ਸਾਡੇ ਨਾਲ ਗੱਲ ਕਰ ਰਹੇ ਹੁੰਦੇ ਹਨ. ਸਾਨੂੰ ਕਹਿੰਦੇ ਹਨ, "ਇਸ ਬਾਂਹ-ਲੱਤ - ਪੈਰ ਨੂੰ ਇਧਰ ਕਰ ਦਿਉ, ਉਧਰ ਕਰ ਦਿਉ ..." ਇਹ ਤਾਂ ਪਹਿਲਾਂ ਹੀ ਉੱਥੇ ਹੈ. ਉਹ ਪੂਰੀ ਤਰ੍ਹਾਂ ਅਣਜਾਣ ਹੋ ਰਹੇ ਹਨ. ਫਿਰ ਉਹ ਆਪਣੇ ਧੜ ਦੇ ਥੱਲੇ ਤੋਂ ਅਣਜਾਣ ਹੋ ਜਾਂਦੇ ਹਨ, ਮਹਿਸੂਸ ਕਰਦੇ ਹਨ ਕਿ ਉਹ ਹਵਾ ਵਿਚ ਉੱਡ ਰਹੇ ਹਨ. ਫਿਰ ਜੀਵਨ ਤਾਕਤ ਬਾਹਰ ਨਿਕਲਣੀ ਸ਼ੁਰੂ ਹੋ ਜਾਂਦੀ ਹੈ, ਅਤੇ ਜਦੋਂ ਇਹ ਸਿਰ ਤੱਕ ਪਹੁੰਚ ਜਾਂਦੀ ਹੈ, ਅਤੇ ਜਦੋਂ ਦਿਮਾਗ ਪਖੋਂ ਮਰ ਜਾਂਦੇ ਹਨ, ਤਾਂ ਉਹ ਮਰ ਜਾਂਦੇ ਹਨ. ਇਸ ਨੂੰ ਮੌਤ ਕਿਹਾ ਜਾਂਦਾ ਹੈ. ਇਸ ਮੌਤ ਵਿਚ ਜੀਵਨ ਤਾਕਤ ਇਕ ਤਰਾਂ ਪੜਾਵਾਂ ਵਿਚ ਵਾਪਸ ਜਾਂਦੀ ਹੈ.

ਕਿਹੜੀ ਚੀਜ ਸਾਡੀ ਰਚਨਾ ਕਰਦੀ ਹੈ ਅਤੇ ਜੀਵਨ ਸ਼ਕਤੀ ਨੂੰ ਪੂਰੇ ਸ਼ਰੀਰ ਵਿੱਚ ਦਰਸਾਉਂਦੀਹੈ? ਜੇ ਤੁਸੀਂ ਧਿਆਨ ਨਾਲ ਜਾਂਚ ਕਰੋ, ਜੇ ਤੁਸੀਂ ਚੇਤਨਾ ਦਾ ਅਧਿਐਨ ਕਰੋ ਕਿ ਅਜੇਹੀ ਕਿਹੜੀ ਚੀਜ ਹੈ ਜਿਸ ਨਾਲ ਸਾਨੂੰ ਆਪਣੇ ਸ਼ਰੀਰ ਬਾਰੇ ਹੋਸ਼ ਹੁੰਦੀ ਹੈ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਇਹ ਤੁਹਾਡੀ ਤਵੱਜੋ ਜਾਂ ਸੁਰਤ ਹੈ ਜੋ ਕਿ ਸਰੀਰ ਦੇ ਵੱਖ ਵੱਖ ਹਿੱਸਿਆਂ ਵਿੱਚ ਵਸੀ ਹੋਈ ਹੈ. ਤੁਹਾਡੀ ਤਵੱਜੋ ਸਾਰੇ ਸਰੀਰ ਵਿਚ ਖਿਲਰੀ ਹੋਈ ਹੈ ਜਿਸ ਨਾਲ ਤੁਹਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਤੁਹਾਡੇ ਕੋਲ ਹੱਥ-ਪੈਰ ਹਨ. ਤਵੱਜੋ ਤੋਂ ਬਿਨਾ ਨਹੀਂ ਪਤਾ ਲੱਗ ਸਕਦਾ ਕਿ ਤੁਹਾਡੇ ਕੋਲ ਕੀ ਹੈ. ਤਵੱਜੋ ਦਾ ਸਰੀਰ ਵਿੱਚ ਲਗਾਤਾਰ ਫੈਲਣ ਕਰਕੇ ਤੁਹਾਨੂੰ ਸਰੀਰ ਬਾਰੇ ਸੋਝੀ ਹੁੰਦੀ ਹੈ. ਜਦੋਂ ਤੁਹਾਡੇ ਕੋਲ ਸਰੀਰ ਹੁੰਦਾ ਹੈ, ਅੱਖਾਂ ਖੁਲਦੀਆਂ ਹਨ, ਕੰਨ ਖੁਲਦੇ ਹਨ, ਫਿਰ ਸਰੀਰ ਵਿੱਚੋਂ ਤੁਸੀਂ ਇਸ ਸਥੂਲ ਸੰਸਾਰ ਨੂੰ ਦੇਖਦੇ ਹੋ. ਇਹ ਇੱਕ ਸਥੂਲ ਸੰਸਾਰ ਹੈ ਕਿਉਂਕਿ ਤੁਹਾਡੇ ਕੋਲ ਇੱਕ ਸਥੂਲ ਸਰੀਰ ਹੈ. ਤੁਹਾਡੀ ਤਵੱਜੋ ਇਸ ਸਥੂਲ ਸ਼ਰੀਰ ਦੇ ਜਰੀਏ ਕੰਮ ਕਰਦੀ ਹੈ ਅਤੇ ਇਸ ਲਈ ਤੁਹਾਡੇ ਆਲੇ ਦੁਆਲੇ ਦਾ ਸੰਸਾਰ ਇੱਕ ਸਥੂਲ ਸੰਸਾਰ ਬਣ ਜਾਂਦਾ ਹੈ. ਜਦੋਂ ਤੁਸੀਂ ਆਪਣੀ ਤਵੱਜੋ ਨੂੰ ਸਥੂਲ ਸਰੀਰ ਤੋਂ ਹਟਾਉਂਦੇ ਹੋ ਤਾਂ ਇਹ ਦ੍ਰਿਸ਼ ਬਦਲ ਜਾਂਦਾ ਹੈ. ਤਵੱਜੋ ਨੂੰ ਕਿਸੇ ਉੱਚੀ ਜਾਂ ਹੇਠਲੀ ਪਧਰ ਤੇ ਲਿਜਾ ਕੇ ਇਸ ਸਥੂਲ ਸ਼ਰੀਰ ਤੋਂ ਹਟਾਇਆ ਜਾਂ ਸਕਦਾ ਹੈ. ਜਦੋਂ ਤੁਸੀਂ ਗਲੇ ਦੀ ਪੱਧਰ ਤੇ ਤਵੱਜੋ ਖਿੱਚਦੇ ਹੋ, ਗਲੇ ਦੇ ਊਰਜਾ ਚੱਕਰ (throat energy center ) ਤੇ, ਤਾਂ ਤੁਸੀਂ ਸੁਪਨੇ ਦੇਖਣੇ ਸ਼ੁਰੂ ਕਰਦੇ ਹੋ. ਤੁਸੀਂ ਸੌਂ ਜਾਂਦੇ ਹੋ. ਤੁਸਾਂ ਨੇ ਆਪਣੀ ਤਵੱਜੋ ਸਰੀਰ ਤੋਂ ਖਿੱਚ ਲਈ ਅਤੇ ਤੁਹਾਨੂੰ ਪਤਾ ਨਹੀਂ ਕਿ ਸਰੀਰ ਕਿੱਥੇ ਹੈ, ਅਤੇ ਇੱਕ ਸੁਪਨਾ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਇੱਕ ਸੁਪਨੇ ਦਾ ਸੰਸਾਰ ਪ੍ਰਕਟ ਹੋ ਜਾਂਦਾ ਹੈ. ਸੁਪਨੇ ਲੈਂਦੇ ਹੋਏ ਤੁਸੀਂ ਇਹ ਸਥੂਲ ਸੰਸਾਰ ਨਹੀਂ ਵੇਖਦੇ - ਤੁਸੀਂ ਸੁਪਨੇ ਦਾ ਸੰਸਾਰ ਵੇਖਦੇ ਹੋ. ਸੁਪਨੇ ਦਾ ਸੰਸਾਰ ਕਈ ਵਾਰੀ ਇਸ ਸਥੂਲ ਸੰਸਾਰ ਵਰਗਾ ਲੱਗਦਾ ਹੈ ਅਤੇ ਕਦੀ ਨਹੀਂ ਹੈ.ਪਰ ਉਹ ਇਹ ਸੰਸਾਰ ਨਹੀਂ ਹੈ .

ਇਸੇ ਤਰ੍ਹਾਂ, ਜਦੋਂ ਤੁਸੀਂ ਆਪਣੀ ਤਵੱਜੋ ਨੂੰ ਇਸ ਜਾਗਣ ਦੀ ਅਵਸਥਾ ਤੋਂ ਉੱਪਰ ਲਿਜਾਂਦੇ ਹੋ ਤਾਂ ਇਕ ਹੋਰ ਸ਼ਰੀਰ ਦਾ ਅਨੁਭਵ ਹੁੰਦਾ ਹੈ ਅਤੇ ਇੱਕ ਹੋਰ ਸੰਸਾਰ ਨੂੰ ਪ੍ਰਗਟ ਹੋ ਜਾਂਦਾ ਹੈ. ਜਿਸ ਤਰਾਂ ਦੇ ਸਾਡੇ ਕਪੜੇ ਜਾਂ ਗਿਲਾਫ ਹੁੰਦੇ ਹਨ ਉਸੇ ਤਰਾਂ ਦੇ ਸੰਸਾਰ ਨੂੰ ਅਸੀਂ ਅਨੁਭਵ ਕਰਦੇ ਹਾਂ. ਇਹ ਉਸ ਗੱਲ ਤੇ ਨਿਰਭਰ ਕਰਦਾ ਹੈ ਕੀ ਅਸੀਂ ਕਿਹੜਾ ਵਾਹਨ ਇਸਤੇਮਾਲ ਕਰਦੇ ਹਾਂ, ਅਤੇ ਅਸੀਂ ਕੀ ਪਹਿਰਾਵਾ ਪਾਇਆ ਹੋਇਆ ਹੈ.

ਇਸ ਲਈ, ਸਥੂਲ ਸ਼ਰੀਰ ... ਜਦੋਂ ਅਸੀਂ ਇਸ ਨੂੰ ਪਹਿਨਦੇ ਹਾਂ, ਅਸੀਂ ਉਹ ਕਾਰਜ ਕਰ ਸਕਦੇ ਹਾਂ ਜੋ ਮੌਤ ਸਾਡੇ ਲਈ ਕਰਦੀ ਹੈ. ਤਵੱਜੋ ਜਾਂ ਸੁਰਤ ਖਿੱਚ ਕੇ ਅਸੀਂ ਜੀਵਨ ਸ਼ਕਤੀ ਨੂੰ ਵਾਪਸ ਖਿੱਚ ਸਕਦੇ ਹਾਂ. ਜੇ ਅਸੀਂ ਅੱਖਾਂ ਬੰਦ ਕਰਕੇ, ਇਕ ਸ਼ਾਂਤ ਜਗ੍ਹਾ ਉਤੇ ਬੈਠ ਕੇ, ਬਾਹਰੋਂ ਦੁਨੀਆ ਤੋਂ ਧਿਆਨ ਖਿੱਚ ਕੇ ਅੰਦਰ ਬਾਰੇ ਸੋਚ-ਵਿਚਾਰ ਕਰੀਏ, ਬਾਹਰਵੱਲ ਨਹੀਂ ... ਜਿਸਦਾ ਅਰਥ ਹੈ, ਜਦੋਂ ਅਸੀਂ ਆਪਣੇ ਆਪ ਨੂੰ ਵਿਚਾਰਦੇ ਹਾਂ, ਤਾਂ ਕੀ ਹੁੰਦਾ ਹੈ? ਜਿੰਨਾ ਜਿਆਦਾ ਤੁਸੀਂ ਅਭਿਆਸ ਸਿਮਰਨ ਵਿਚ ਬੈਠਦੇ ਹੋ ਉੱਨਾ ਹੀ ਤੁਸੀਂ ਭੁੱਲ ਜਾਂਦੇ ਹੋ ਕਿ ਤੁਹਾਡੇ ਹੱਥ-ਪੈਰ ਕਿੱਥੇ ਹਨ. ਤੁਸੀਂ ਹੋਰ ਲੰਮੇਂ ਸਮੇਂ ਲਈ ਬੈਠਦੇ ਹੋ ... ਤੁਸੀਂ ਭੁੱਲ ਜਾਂਦੇ ਹੋ ਕਿ ਤੁਹਾਡੀਆਂ ਲਤਾਂ-ਬਾਹਵਾਂ ਕਿੱਥੇ ਹਨ. ਹੋਰ ਜ਼ਿਆਦਾ ਸਮਾਂ ਬਿਤਾਉਂਦੇ ਹੋ ਤਾਂ ਤੁਸੀਂ ਭੁੱਲ ਜਾਂਦੇ ਹੋ ਕਿ ਤੁਹਾਡਾ ਸਰੀਰ ਕਿੱਥੇ ਹੈ ਪਰ ਤੁਸੀਂ ਉੱਥੇ ਹੁੰਦੇ ਹੋ. ਉਥੇ ਤੁਸੀਂ ਇਥੇ ਨਾਲੋਂ ਵੀ ਜ਼ਿਆਦਾ ਹੁੰਦੇ ਹੋ. ਉਸ ਰੂਪ ਵਿਚ ਤੁਸੀਂ ਦੇਖੋਗੇ ਕਿ ਕੁਦਰਤ ਦੇ ਹੋਰ ਹੀ ਕਾਨੂੰਨ ਹਨ, ਇਕ ਵੱਖਰੀ ਦੁਨੀਆਂ ਪ੍ਰਕਟ ਹੋ ਗਈ ਹੈ. ਸਾਡੀ ਚੇਤਨਾ

ਸਹਿਜ ਸੁਭਾਵ ਹੀ ਇਸਦਾ ਅਨੁਭਵ ਕਰਦੀ ਹੈ. ਇਸ ਤਰਾਂ ਅਸੀਂ ਜੀਉਂਦੇ ਹੋਏ ਮਰ ਸਕਦੇ ਹਾਂ, ਅਤੇ ਇਹ ਹੀ ਰਹੱਸ ਹੈ. ਇਹ ਹੀ ਸੱਚ ਦੀ ਖੋਜ ਦਾ ਰਹੱਸ. ਇਸ ਨੂੰ ਖੋਜਣ ਦਾ ਕੀ ਸਾਡਾ ਕੋਈ ਪਿਛਲਾ ਜੀਵਨ ਸੀ? ਕੀ ਸਾਡਾ ਕੋਈ ਅਗਲਾ ਜੀਵਨ ਹੋਵੇਗਾ? ਕੀ ਸਾਡੇ ਵਿਚ ਕੁਝ ਅਜਿਹਾ ਹੈ ਜੋ ਇਸ ਸਥੂਲ ਸਰੀਰ ਤੋਂ ਬਾਅਦ ਵੀ ਹੋਵੇਗਾ ਹੈ? ਇਹ ਅੰਦਾਜ਼ੇ ਜਾਂ ਕਿਆਸ ਦਾ ਵਿਸ਼ਾ ਨਹੀਂ; ਇਹ ਅਸਲ ਅਨੁਭਵ ਦਾ ਮਾਮਲਾ ਹੈ. ਕੋਈ ਵੀ ਇਸ ਨੂੰ ਕਰ ਸਕਦਾ ਹੈ. ਵਿਧੀ ਸੌਖੀ ਹੈ: ਸਰੀਰ ਤੋਂ ਆਪਣੀ ਸੁਰਤ ਜਾਂ ਤਵੱਜੋ ਤੋਂ ਹਟਾਓ. ਕਿਧਰ ਲਗਾਓ? ਜਿੱਥੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਚੇਤਨਾ ਦੇ ਰੂਪ ਵਿੱਚ ਹੋ. ਹੁਣੇ, ਸਥੂਲ ਸਰੀਰ ਵਿੱਚ, ਅਸੀਂ ਮਹਿਸੂਸ ਕਰਦੇ ਹਾਂ ਕਿ ਅਸੀਂ ਆਪਣੀਆਂ ਅੱਖਾਂ ਦੇ ਪਿੱਛੇ ਹਾਂ. ਇਸ ਲਈ, ਜੇ ਆਪਣੀ ਸਾਰੀ ਤਵੱਜੋ ਨੂੰ ਅਸੀਂ ਅੱਖਾਂ ਦੇ ਪਿੱਛੇ ਵੱਲ ਦੇਈਏ ਤਾਂ ਅਸੀਂ ਮਹਿਸੂਸ ਕਰਦੇ ਹਾਂ ਕਿ ਅਸੀਂ ਉਥੋਂ ਕਾਰਜਸ਼ੀਲ ਹੋ ਰਹੇਂ ਹਾਂ. ਜੇ ਅਸੀਂ ਸਰੀਰ ਨਹੀਂ ਹਾਂ, ਤਾਂ ਅਸੀਂ ਇਸ ਸਰੀਰ ਨੂੰ ਅੱਖਾਂ ਦੇ ਪਿੱਛੇ ਕਿਸ point ਤੋਂ ਚਲਾਉਂਦੇ ਹਾਂ? ਜੇਕਰ ਅਸੀਂ ਉਸ point ਜਾਂ ਬਿੰਦੂ ਤੇ ਤਵੱਜੋ ਕੇਂਦਰਿਤ ਕਰੀਏ ਤਾਂ ਹੌਲੀ ਹੌਲੀ ਤਵੱਜੋ ਪੂਰੀ ਤਰਾਂ ਸਰੀਰ ਤੋਂ ਬਾਹਰ ਨਿਕਲ ਜਾਵੇਗੀ ਅਤੇ ਤੁਹਾਨੂੰ ਪਤਾ ਲਗ ਜਾਵੇਗਾ ਕਿ ਤੁਹਾਡੇ ਕੋਲ ਇਕ ਹੋਰ ਸ਼ਰੀਰ ਹੈ, ਇੱਕ ਹੋਰ ਜੀਵਣ ਜੋ ਦੀ ਸਾਡੇ ਜਨਮ ਤੋਂ ਪਹਿਲਾਂ ਵੀ ਸੀ.

ਇਹ ਨਿੱਜੀ ਅਨੁਭਵ ਦਾ ਮਾਮਲਾ ਹੈ; ਇਹ ਕੋਈ ਅੰਦਾਜ਼ਾ ਲਗਾਉਣ ਦੀ ਕਿਰਿਆ ਨਹੀਂ ਹੈ. ਇਸ ਲਈ, ਆਪਾਂ ਸਾਰੇ ਹੀ ਇਸ ਨੂੰ ਕਰ ਸਕਦੇ ਹਾਂ. ਇਸ ਤਰਾਂ ਤੁਸੀਂ ਆਪਣੇ ਆਪ ਦਾ ਪਤਾ ਲਗਾ ਪਾਉਗੇ ਕਿ ਤੁਸੀਂ ਕੌਣ ਹੋ. ਇਹ ਤੁਸੀਂ ਕੇਵਲ ਬੈਠੇ, ਕਿਤਾਬਾਂ ਪੜ੍ਹਨ ਨਾਲ ਅਤੇ ਇਸ ਬਾਰੇ ਚਰਚਾ ਕਰਨ ਨਾਲ ਨਹੀਂ ਜਾਣ ਸਕਦੇ. ਇੱਦਾਂ ਸਾਨੂੰ ਕੁਝ ਨਹੀਂ ਪ੍ਰਾਪਤ ਹੁੰਦਾ. ਇਸਦਾ ਨਿਸ਼ਚਿਤ ਤੌਰ ਤੇ, 100 ਪ੍ਰਤੀਸ਼ਤ ਪ੍ਰਮਾਣ ਨਾਲ, ਬਿਨਾਂ ਕਿਸੇ ਸ਼ੱਕ ਵਾਲਾ ਅਨੁਭਵ ਕੇਵਲ ਅਭਿਆਸ ਨਾਲ ਹੁੰਦਾ ਹੈ. ਕਿਸੇ ਵੀ ਅਵਸਥਾ ਤੋਂ ਜਾਗਣ ਦਾ ਅਨੁਭਵ ਇਕ ਸੁਪਨੇ ਤੋਂ ਜਾਗਣ ਦੇ ਅਨੁਭਵ ਵਰਗਾ ਹੁੰਦਾ ਹੈ. ਸੁਪਨੇ ਤੋਂ ਜਾਗਣ ਦਾ ਅਨੁਭਵ ਹਰ ਵਾਰ 100 ਪ੍ਰਤੀਸ਼ਤ ਵਿਸ਼ਵਾਸ ਦਿਵਾਉਂਦਾ ਹੈ ਕਿ ਤੁਸੀਂ ਸਰੀਰਕ ਸਥਿਤੀ ਵਿਚ ਜਾਗ ਗਏ ਹੋ.

ਤੁਸੀਂ ਕਿੰਨੀ ਵਾਰੀ ਜਾਗ ਸਕਦੇ ਹੋ? ਬਹੁਤ ਵਾਰ. ਇਹ ਕੇਵਲ ਇਕ ਵਾਰ ਨਹੀਂ ਹੈ. ਅਸੀਂ ਇਕ ਸੁਪਨੇ ਤੋਂ ਜਾਗਣ ਤੋਂ ਬਾਅਦ ਇਸ ਸਥੂਲ ਸੰਸਾਰ ਵਿਚ ਜਾਗਦੇ ਹਾਂ. ਇਸ ਤੋਂ ਹੋਰ ਅੱਗੇ ਅਸੀਂ ਇਕ ਅਜਿਹੀ ਦੁਨੀਆਂ ਵਿਚ ਜਾਗਦੇ ਹਾਂ ਜਿੱਥੇ ਅਸੀਂ ਪਾਉਂਦੇ ਹਾਂ ਕਿ ਸਾਡੀਆਂ ਸਾਰੀਆਂ ਗਿਆਨ ਇੰਦਰੀਆਂ(sense perceptions ) ਪੂਰਨ ਬਰਕਰਾਰ ਹਨ. ਸਰੀਰ ਉਥੇ ਨਹੀਂ ਹੈ - ਗਿਆਨ ਇੰਦਰੀਆਂ(sense perceptions ) ਉਥੇ ਮੌਜੂਦ ਹਨ. ਉਹ ਕਿੱਥੇ ਸਥਿਤ ਹਨ? ਅਸੀਂ ਅੰਦਰੂਨੀ ਸਰੀਰ ਨਾਲ ਕਿਵੇਂ ਵੇਖਦੇ ਹਾਂ? ਉਦਹਾਰਣ ਦੇ ਤੋਰ ਤੇ ਅੱਜ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਤੁਸੀਂ ਆਲੇ ਦੁਆਲੇ ਘੁੰਮ ਰਹੇ ਹੋ. ਬਸ ਇੱਕ ਕਲਪਨਾ ਰਾਹੀਂ ਤੁਸੀਂ ਸੋਚੋ ਕਿ ਤੁਸੀਂ ਮੇਰੇ ਕੋਲ ਆਕੇ ਇੱਥੇ ਮੇਰੇ ਨਾਲ ਖੜੇ ਹੋ. ਤੁਸੀਂ ਆਪਣੀ ਕੁਰਸੀ ਛੱਡ ਕੇ ਮੇਰੇ ਕੋਲ ਆ ਗਏ ਹੋ. ਕੌਣ ਇੱਥੇ ਖੜ੍ਹਾ ਹੈ? ਤੁਹਾਡਾ ਕਾਲਪਨਿਕ ਆਪਾ ਜਾਂ ਸਵੈ ਜਾਂ self . ਇਹ ਕਿੱਥੋਂ ਆਇਆ? ਉਸੇ ਚੇਤਨਾ ਵਿਚੋਂ ਜੋ ਤੁਹਾਡੇ ਅੰਦਰ ਹੈ. ਹੁਣ ਜੇ ਤੁਸੀਂ ਤੁਸੀਂ ਕਲਪਨਾ ਕਰੋ ਕਿ ਤੁਸੀਂ ਇੱਥੇ ਖੜ੍ਹੇ ਹੋ ਅਤੇ ਇਸ ਸਥਾਨ ਤੇ ਧਿਆਨ ਇਕਾਗਰ ਕਰੋ ਕਿ ਮੇਰੇ ਸਾਹਮਣੇ ਹੋ. ਤਵੱਜੋ ਨੂੰ ਇਨਾ ਇਕਾਗਰ ਕਰੋ ਕਿ ਤੁਸੀਂ ਆਪਣੇ ਆਪ ਨੂੰ ਕੇਵਲ ਇਥੇ ਦੇਖਣਾ ਸ਼ੁਰੂ ਕਰ ਦਵੋ. ਇਹ ਤੁਹਾਡੇ ਲਈ ਸਚ ਬਣ ਜਾਵੇਗਾ, ਅਤੇ ਜਿਥੇ ਤੁਸੀਂ ਬੈਠੇ ਹੋ, ਉਹ ਕਾਲਪਨਿਕ ਬਣ ਜਾਵੇਗਾ.

ਇਹ ਸੁਰਤ ਜਾਂ ਤਵੱਜੋ ਦਾ ਅਜਿਹਾ ਹੀ ਖੇਡ ਹੈ. ਅਸੀਂ ਅਹਿਸਾਸ ਨਹੀਂ ਕਰਦੇ ਕਿ ਸਾਡੀ ਤਵੱਜੋ ਹਕੀਕਤ ਦੇ ਸਾਡੇ ਅਨੁਭਵਾਂ ਨੂੰ ਪੈਦਾ ਕਰ ਰਹੀ ਹੈ. ਹੁਣ ਅਸਲੀ ਕੀ ਹੈ? ਅਸਲ ਉਹ ਹੈ ਜਿਥੇ ਅਸੀਂ ਆਪਣੀ ਤਵੱਜੋ ਲਗਾਉਂਦੇ ਹਾਂ. ਅਸੀਂ ਆਪਣੀ ਤਵੱਜੋ ਨੂੰ ਬਾਹਰੀ ਦੁਨੀਆ ਵਿਚ ਲਗਾਇਆ ਹੋਇਆ ਹੈ ਅਤੇ ਇਸ ਨੂੰ ਅਸਲੀ ਬਣਾ ਦਿੱਤਾ ਹੈ. ਅਸੀਂ ਆਪਣੀ ਤਵੱਜੋ ਨੂੰ ਸਥੂਲ ਸ਼ਰੀਰ ਤੇ ਲਗਾ ਕੇ ਇਸ ਨੂੰ ਅਸਲੀ ਬਣਾ ਦਿੱਤਾ ਹੈ. ਇਹ ਤਵੱਜੋ ਦੀ ਖੇਡ ਹੈ . ਇਸ ਲਈ ਅਸੀਂ ਆਪਣੀ ਤਵੱਜੋ ਨੂੰ ਖਿੱਚ ਕੇ ਜੀਉਂਦੇ ਜੀ ਮੌਤ ਦਾ ਅਨੁਭਵ ਕਰ ਸਕਦੇ ਹਾਂ.

ਇੱਕ ਛੋਟੀ ਜਿਹੀ ਕਹਾਣੀ ਹੈ ਜਿਸਨੂੰ ਮੈਂ ਬਹੁਤ ਪਸੰਦ ਕਰਦਾ ਸੀ. ਇਹ ਇਕ ਤੋਤੇ ਦੀ ਕਹਾਣੀ ਹੈ. ਜਦੋਂ ਛੋਟਾ ਸੀ ਤਾਂ ਮੈਨੂੰ ਤੋਤੇ ਦੀਆਂ ਕਹਾਣੀਆਂ ਪਸੰਦ ਸਨ. ਮੈਂ ਇਹ ਕਹਾਣੀ ਤੁਹਾਡੇ ਨਾਲ ਸਾਂਝੀ ਕਰਨ ਜਾ ਰਿਹਾ ਹਾਂ. ਤੁਹਾਡੇ ਵਿੱਚੋਂ ਬਹੁਤ ਸਾਰਿਆਂ ਨੇ ਇਹ ਪਹਿਲਾਂ ਵੀ ਸੁਣੀ ਹੋਵੇਗੀ. ਇੱਕ ਵਪਾਰੀ ਸੀ, ਜੋ ਭਾਰਤ ਵਿੱਚ ਆਯਾਤ/ਨਿਰਯਾਤ(import / export ) ਕਰਦਾ ਸੀ, ਜੋ ਭਾਰਤੀ ਰੇਸ਼ਮ ਅਫ਼ਰੀਕਾ ਵਿਚ ਵੇਚਦਾ ਸੀ ਅਤੇ ਅਫ਼ਰੀਕਾ ਤੋਂ ਕਾਜੂ ਅਤੇ ਗਿਰੀਆਂ ਖਰੀਦਦਾ ਸੀ. ਉਹ ਭਾਰਤ ਅਤੇ ਅਫ਼ਰੀਕਾ ਵਿਚਾਲੇ ਆਯਾਤ/ਨਿਰਯਾਤ ਕਰਦਾ ਸੀ.

ਇੱਕ ਦਿਨ ਜਦੋਂ ਉਹ ਅਫ਼ਰੀਕਾ ਦੀ ਯਾਤਰਾ ਕਰ ਰਿਹਾ ਸੀ, ਉਹ ਇਕ ਜੰਗਲ ਵਿੱਚੋਂ ਲੰਘ ਰਿਹਾ ਸੀ ਜਿੱਥੇ ਬਹੁਤ ਸਾਰੇ ਤੋਤੇ ਸਨ. ਉਹ ਸੁੰਦਰ ਤੋਤੇ ਸਨ, ਸੋ ਉਸ ਨੂੰ ਇਕ ਤੋਤਾ ਬਹੁਤ ਪਸੰਦ ਆਇਆ. ਉਹ ਇਕ ਪਿੰਜਰਾ ਖਰੀਦ ਲਿਆਇਆ ਅਤੇ ਉਸਨੇ ਇੱਕ ਤੋਤੇ ਨੂੰ ਫੜ ਲਿਆ, ਉਸਨੂੰ ਪਿੰਜਰੇ ਵਿੱਚ ਪਾ ਕੇ ਵਾਪਸ ਭਾਰਤ ਲੈ ਆਇਆ. ਉਸਨੇ ਹਰ ਕਿਸਮ ਦੇ ਚੰਗੇ ਭੋਜਨ ਤੋਤੇ ਨੂੰ ਖਾਣ ਲਈ ਦਿੱਤੇ. ਤੋਤੇ ਨੂੰ ਹਰੀ ਮਿਰਚ ਪਸੰਦ ਹੈ, ਤੁਹਾਨੂੰ ਪਤਾ ਹੈ, ਉਹ ਇਸ ਨੂੰ ਬਹੁਤ ਪਸੰਦ ਕਰਦੇ ਹਨ. ਉਹ ਚੂਰੀ ਬਹੁਤ ਪਸੰਦ ਕਰਦੇ ਹਨ – ਚੂਰੀ ਆਟੇ ਦੀ ਰੋਟੀ ਤੋਂ ਬਣਦੀ ਹੈ. ਇਹ ਭਾਰਤ ਵਿਚ ਬਹੁਤ ਬਣਾਉਂਦੇ ਹਨ ਅਤੇ ਉਹ ਤੋਤਿਆਂ ਨੂੰ ਖੁਆਉਂਦੇ ਹਨ. ਤੋਤੇ ਬਹੁਤ ਖੁਸ਼ ਹੁੰਦੇ ਹਨ - ਉਹ ਨਚਦੇ ਹਨ, ਉਹ ਗਾਂਦੇ ਹਨ, ਤੁਸੀਂ ਉਨ੍ਹਾਂ ਨੂੰ ਜੋ ਸਿਖਾਉ, ਉਹ ਉੱਦਾਂ ਬੋਲਦੇ ਹਨ. ਇਸ ਤਰ੍ਹਾਂ ਤੋਤੇ ਤੁਹਾਡੇ ਬਹੁਤ ਦੋਸਤਾਨਾ ਹੋ ਜਾਂਦੇ ਹਨ, ਅਤੇ ਇੰਝ ਹੀ ਇਹ ਤੋਤਾ ਵੀ ਬਹੁਤ ਖੁਸ਼ ਸੀ. ਹਰ ਰੋਜ਼ ਉਸ ਨੂੰ ਬਹੁਤ ਵਧੀਆ ਖਾਣਾ ਮਿਲਦਾ ਸੀ ਹਰ ਰੋਜ਼ ਉਹ ਗਾਣੇ ਗਾਂਦਾ, ਅਤੇ ਆਪਣੇ ਪਿੰਜਰੇ ਵਿੱਚ ਨਚਦਾ. ਸੋ, ਅਗਲੀ ਵਾਰ ਉਹ ਵਪਾਰੀ ਜਦੋਂ ਅਫ਼ਰੀਕਾ ਜਾਣ ਲਗਿਆ, ਤਾਂ ਉਸਨੇ ਤੋਤੇ ਨੂੰ ਪੁੱਛਿਆ, "ਕੀ ਅਫਰੀਕਾ ਆਪਣੇ ਦੋਸਤਾਂ, ਮਿੱਤਰਾਂ ਨੂੰ ਕੋਈ ਸੁਨੇਹਾ ਭੇਜਣਾ ਹੈ?" ਤੋਤੇ ਨੇ ਕਿਹਾ "ਹਾਂ, ਉਨ੍ਹਾਂ ਨੂੰ ਕਹਿਣਾ ਕਿ ਮੈਂ ਆਪਣੀ ਜ਼ਿੰਦਗੀ ਦਾ ਆਨੰਦ ਮਾਣ ਰਿਹਾ ਹਾਂ. ਇਸ ਪਿੰਜਰੇ ਵਿਚ ਮੈਂ ਚੂਰੀ ਖਾਂਦਾ ਹਾਂ, ਮੈਂ ਮਿਰਚਾਂ ਖਾਂਦਾ ਹਾਂ, ਮੈਂ ਨਚਦਾ ਹਾਂ, ਮੈਂ ਗਾਉਂਦਾ ਹਾਂ ਅਤੇ ਮੈਂ ਬਹੁਤ ਖੁਸ਼ ਹਾਂ." ਵਪਾਰੀ ਨੇ ਸੁਣਿਆ ਅਤੇ ਅਫ਼ਰੀਕਾ ਲਈ ਰਵਾਨਾ ਹੋ ਗਿਆ.

ਉਸਨੇ ਆਪਣਾ ਕਾਰੋਬਾਰ ਪੂਰਾ ਕੀਤਾ ਅਤੇ ਉਸੇ ਜੰਗਲ ਵਿਚ ਗਿਆ ਅਤੇ ਸਾਰੇ ਤੋਤਿਆਂ ਨੂੰ ਦੇਖਿਆ. ਉਸ ਨੇ ਉਨ੍ਹਾਂ ਨੂੰ ਬੁਲਾਇਆ, "ਇੱਥੇ ਆਉ, ਜਿਸ ਤੋਤੇ ਨੂੰ ਮੈਂ ਪਿਛਲੀ ਵਾਰ ਆਪਣੇ ਨਾਲ ਲੈਕੇ ਗਿਆ ਸੀ, ਉਸ ਨੇ ਤੁਹਾਡੇ ਲਈ ਇੱਕ ਸੁਨੇਹਾ ਪੇਜਿਆ ਹੈ …

ਸਾਰੇ ਤੋਤੇ ਉਸ ਵਪਾਰੀ ਦੇ ਆਲੇ-ਦੁਆਲੇ ਇਕੱਠੇ ਹੋ ਗਏ ਅਤੇ ਉਸਨੇ ਕਿਹਾ, "ਜਿਸ ਤੋਤੇ ਨੂੰ ਮੈਂ ਆਪਣੇ ਨਾਲ ਲੈ ਗਿਆ ਸੀ, ਉਸ ਨੇ ਤੁਹਾਡੇ ਲਈ ਇਹ ਸੁਨੇਹਾ ਭੇਜਿਆ ਹੈ...... ਉਹ ਪਿੰਜਰੇ ਵਿੱਚ ਆਨੰਦ ਮਾਣ ਰਿਹਾ ਹੈ. ਉਹ ਚੂਰੀ ਖਾਂਦਾ ਹੈ, ਉਹ ਮਿਰਚਾਂ ਖਾਂਦਾ ਹੈ, ਉਹ ਨਚਦਾ ਹੈ, ਉਹ ਗਾਉਂਦਾ ਹੈ, ਉਹ ਬਹੁਤ ਖੁਸ਼ ਹੈ." ਇਹ

ਗੱਲ ਸੁਣ ਕੇ ਦਰੱਖਤ ਦੀ ਟਾਹਣੀ ਤੇ ਬੈਠੇ ਇਕ ਬਜ਼ੁਰਗ ਤੋਤੇ ਦੀਆਂ, ਜੋ ਕਿ ਕਾਫੀ ਬੁੱਢਾ ਜੇਹਾ ਲੱਗਦਾ ਸੀ, ਦੀਆਂ ਅੱਖਾਂ ਵਿਚ ਹੰਝੂ ਆ ਗਏ. ਉਹ ਉਦਾਸ ਹੋ ਗਿਆ. ਇਸ ਤੋਂ ਬਾਅਦ ਉਹ ਤੋਤਾ ਰੋਂਦਾ ਹੋਇਆ ਡਿੱਗ ਪਿਆ ਅਤੇ ਮਰ ਗਇਆ. ਵਪਾਰੀ ਨੇ ਸੋਚਿਆ, "ਇਹ ਤੋਤਾ ਉਸ ਤੋਤੇ ਦਾ ਜਿਸ ਨੂੰ ਮੈਂ ਆਪਣੇ ਨਾਲ ਲੈ ਕੇ ਗਿਆ ਸੀ, ਉਸ ਦਾ ਕੋਈ ਬਹੁਤ ਨਜਦੀਕੀ ਹੋਵੇਗਾ ਅਤੇ ਉਹ ਇਸ ਸੰਦੇਸ਼ ਨੂੰ ਸੁਣ ਕੇ ਸਹਿਣ ਨਹੀਂ ਕਰ ਪਾਇਆ ਅਤੇ ਉਸਨੇ ਆਪਣਾ ਜੀਵਨ ਤਿਆਗ ਦਿੱਤਾ." ਅਫ਼ਸੋਸ ਪ੍ਰਗਟ ਕਰਦਿਆਂ ਉਹ ਘਰ ਵਾਪਸ ਆ ਗਿਆ ਅਤੇ ਉਸਨੇ ਪਿੰਜਰੇ ਵਾਲੇ ਤੋਤੇ ਨੂੰ ਸਭ ਕੁਝ ਦੱਸਿਆ. ਉਸ ਨੇ ਕਿਹਾ, "ਮੈਂ ਤੇਰਾ ਸੁਨੇਹੇ ਉਨ੍ਹਾਂ ਤੋਤਿਆਂ ਨੂੰ ਦਿੱਤਾ, ਦੱਸਿਆ ਕਿ ਤੂੰ ਬਹੁਤ ਖੁਸ਼ ਹੈਂ, ਮਿਰਚਾਂ ਅਤੇ ਚੂਰੀ ਖਾ ਕੇ ਬਹੁਤ ਵਧੀਆ ਸਮਾਂ ਬਤੀਤ ਕਰ ਰਿਹਾ ਹੈਂ, ਤੂੰ ਆਪਣੇ ਪਿੰਜਰੇ ਵਿਚ ਨੱਚਦਾ ਹੈਂ ਅਤੇ ਗਾਉਂਦਾ ਹੈਂ. ਪਰ ਜਦੋਂ ਮੈਂ ਇਹ ਸੁਨੇਹਾ ਸੁਣਾਇਆ ਤਾਂ ਉੱਥੇ ਇਕ ਬੁੱਢੇ ਤੋਤੇ ਦੇ ਅੱਖਾਂ ਵਿਚ ਹੰਝੂ ਆ ਗਏ ਅਤੇ ਉਹ ਗਿਰ ਕੇ ਮਰ ਗਿਆ. "ਇਹ ਗੱਲ ਸੁਣ ਕੇ, ਪਿੰਜਰੇ ਵਾਲੇ ਤੋਤੇ ਦੀਆਂ ਅੱਖਾਂ ਵਿਚ ਵੀ ਹੰਝੂ ਆ ਗਏ ਅਤੇ ਉਹ ਵੀ ਡਿਗ ਕੇ ਮਰ ਗਿਆ. ਉਸ ਆਦਮੀ ਨੂੰ ਬਹੁਤ ਦੁਖ ਹੋਇਆ. ਉਸ ਨੇ ਸੋਚਿਆ ਕਿ ਮੈਨੂੰ ਇਹ ਸੰਦੇਸ਼ ਨਹੀਂ ਸੀ ਦੇਣਾ ਚਾਹੀਦਾ. ਜੇ ਇਕ ਤੋਤੇ ਨੂੰ ਇਹ ਬਰਦਾਸ਼ਤ ਨਹੀਂ ਹੋਇਆ ਤਾਂ ਦੂਜੇ ਨੂੰ ਕਿਵੇਂ ਹੋਣਾ ਸੀ? ਇਸ ਲਈ, ਉਸਨੇ ਪਿੰਜਰੇ ਨੂੰ ਖੋਲ੍ਹਿਆ ਅਤੇ ਮੁਰਦੇ ਪੰਛੀ ਨੂੰ ਬਾਹਰ ਸੁੱਟ ਦਿੱਤਾ. ਜਿਉਂ ਹੀ ਉਸ ਨੇ ਮੁਰਦਾ ਪੰਛੀ ਨੂੰ ਬਾਹਰ ਸੁਟਿਆ, ਉਸ ਤੋਤੇ ਨੇ ਖੰਭ ਫੈਲਾਏ, ਉਡਾਰੀ ਮਾਰੀ ਅਤੇ ਉੱਡ ਕੇ ਇਕ ਰੁੱਖ ਤੇ ਬੈਠ ਗਿਆ. ਵਪਾਰੀ ਨੇ ਪ੍ਰਸ਼ਨ ਕੀਤਾ, "ਓ, ਤੂੰ ਮਾਰਿਆ ਨਹੀਂ ਸੀ ?" ਤੋਤੇ ਨੇ ਕਿਹਾ, "ਨਹੀਂ, ਮੈਂ ਮਾਰਿਆ ਨਹੀਂ ਸੀ ਅਤੇ ਨਾ ਹੀ ਜੰਗਲ ਵਾਲਾ ਤੋਤਾ ਮਰਿਆ ਹੈ. ਉਸ ਨੇ ਸਿਰਫ ਮੈਨੂੰ ਇੱਕ ਸੁਨੇਹਾ ਭੇਜਿਆ ਸੀ. ਉਸਦਾ ਸੁਨੇਹਾ ਸੀ "ਜੇ ਤੂੰ ਇਸ ਪਿੰਜਰੇ ਵਿੱਚੋਂ ਬਾਹਰ ਨਿਕਲਣਾ ਚਾਹੁੰਦਾ ਹੈਂ ਤਾਂ ਜੀਉਂਦੇ ਹੋਏ ਮਰ ਜਾ." ਇਹ ਹੈ ਕਹਾਣੀ. ਇਸਤੋਂ ਇਕ ਸਿੱਖਿਆ ਮਿਲਦੀ ਹੈ ਕਿ ਜੀਉਂਦੇ ਜੀ ਮਰਕੇ ਅਸੀਂ ਪਾਰ ਵਾਲਾ ਅਨੁਭਵ ਕਰ ਸਕਦੇ ਹਾਂ.

ਇਹ ਸਿੱਖਿਆ ਵੱਡੇ ਮਹਾਰਾਜ ਹਜ਼ੂਰ ਮਹਾਰਾਜ ਬਾਬਾ ਸਾਵਣ ਸਿੰਘ ਜੀ ਦੀ ਹੈ, ਜਿਨ੍ਹਾਂ ਦਾ ਭੰਡਾਰਾ ਅਸੀਂ ਮਨਾ ਰਹੇ ਹਾਂ, - ਕੱਲ੍ਹ, 2 ਅਪ੍ਰੈਲ, ਉਸ ਮਿਤੀ ਦੀ ਵਰ੍ਹੇਗੰਢ ਹੈ ਜਦੋਂ ਉਹ ਨੂਰੀ ਸਰੂਪ (radiant form ) ਵਿਚ ਅਭੇਦ ਹੋ ਗਏ ਅਤੇ ਇਸ ਤੋਂ ਬਾਅਦ ਹਮੇਸ਼ਾਂ ਵਾਸਤੇ, ਹਰ ਰੋਜ, ਹਰ ਸਮੇ ਆਪਣੇ ਅਨੁਆਈਆਂ(disciples ) ਨਾਲ ਹੋ ਤੁਰੇ. ਅਸੀਂ ਇਸ ਮੌਕੇ ਨੂੰ ਕਿਓਂ ਨਾ ਮਨਾਈਐ?

ਭੰਡਾਰੇ ਦਾ ਮਤਲਬ ਹੈ ... ਭੰਡਾਰ ਦਾ ਅਰਥ ਹੈ ਬਹੁਤ. ਸ਼ਬਦ 'ਭੰਡਾਰ' ਨੂੰ ਬਹੁਤਾਤ ਵਜੋਂ ਇਸਤੇਮਾਲ ਕੀਤਾ ਜਾਂਦਾ ਹੈ. ਬਹੁਤ ਵਾਰੀ ਇਹ ਬਹੁਤਾਤ ਭੋਜਨ ਦੀ ਹੋ ਸਕਦੀ ਹੈ. ਕਈ ਵਾਰ ਭੰਡਾਰੇ ਵਿਚ ਬਹੁਤ ਕੁਝ ਖਾਣ ਲਈ ਹੁੰਦਾ ਹੈ. ਭੰਡਾਰ ਕਿਸੇ ਚੀਜ਼ ਦੀ ਭਰਪੂਰਤਾ ਲਈ ਵੀ ਵਰਤਿਆ ਜਾਂ ਸਕਦਾ ਹੈ. ਅਸੀਂ ਹਰ ਸਾਲ ਅਪ੍ਰੈਲ 2 ਦਾ ਦਿਨ ਮਨਾਉਂਦੇ ਹਾਂ, ਅਤੇ ਮੈਂ ਤੁਹਾਨੂੰ ਆਉਣ ਅਤੇ ਮੇਰੇ ਨਾਲ ਸ਼ਾਮਿਲ ਹੋਣ ਲਈ ਸੱਦਾ ਦਿੰਦਾ ਹਾਂ. ਮੈਂ ਇਸ ਨੂੰ ਹਰ ਸਾਲ ਮਨਾਉਂਦਾ ਹਾਂ ਅਤੇ ਨਵੇਂ ਦੋਸਤ ਆਉਂਦੇ ਹਨ ਅਤੇ ਮੇਰੇ ਨਾਲ ਜੁੜਦੇ ਹਨ, ਕਿਉਂਕਿ ਇਹ ਕਿਰਪਾ ਦੀ ਬਹੁਤਾਤ ਹੈ. ਵੱਡੇ ਮਹਾਰਾਜ ਦੀ ਕਿਰਪਾ ਦੀ ਭਰਪੂਰਤਾ. ਇੰਨੀ ਜਿਆਦਾ ਕਿਰਪਾ ਨੂੰ ਇੰਨੀ ਉਦਾਰਤਾ ਨਾਲ, ਇੰਨੀ ਖੁਲਦਿਲੀ ਨਾਲ, ਇੰਨੀ ਨਿਰਪੱਖਤਾ ਨਾਲ ਮੈਂ ਪਹਿਲਾਂ ਕਦੀ ਵੀ ਵਰਤਦੇ ਨਹੀਂ ਦੇਖਿਆ, ਜੋ ਮੈਂ ਹਰ ਸਾਲ ਅਪ੍ਰੈਲ 2 ਨੂੰ ਵੇਖਦਾਂ ਹਾਂ. ਇਸ ਕਰਕੇ ਮੇਰੇ ਲਈ, ਇਹ 2 ਅਪ੍ਰੈਲ ਦਾ ਦਿਨ ਸਾਲ ਦਾ ਸਭ ਤੋਂ ਵੱਡਾ ਦਿਨ ਹੈ ਅਤੇ ਹਰ ਸਾਲ 2 ਅਪ੍ਰੈਲ ਨੂੰ ਇਸ ਨੂੰ ਮਨਾਇਆ ਜਾਂਦਾ ਹੈ. ਭੰਡਾਰੇ ਦਾ ਭਾਵ ਇਹੀ ਹੈ , ਭਰਪੂਰਤਾ ਦਾ ਜਸ਼ਨ. ਕੱਲ੍ਹ ਅਸੀਂ ਇਸ ਕਿਰਪਾ ਦਾ ਜਸ਼ਨ ਮਨਾਉਣ ਜਾ ਰਹੇ ਹਾਂ. ਕ੍ਰਿਪਾ ਏਨੀ ਮਹੱਤਵਪੂਰਨ ਕਿਵੇਂ ਹੈ? ਇਹ ਮਹੱਤਵਪੂਰਨ ਹੈ ਕਿਉਂਕਿ ਅਸੀਂ ਗੱਲ ਕਰ ਰਹੇ ਸੀ ਕਿ ਸਿਰਫ ਸੰਘਰਸ਼ ਅਤੇ ਮਿਹਨਤ ਨਾਲ ਕੁਝ ਵੀ ਨਹੀਂ ਮਿਲਦਾ. ਫਿਰ ਇਨਾਂ ਨੂੰ ਕਿਸ ਚੀਜ ਨਾਲ ਤਬਦੀਲ ਕਰਨਾਂ ਚਾਹਿਦਾ ਹੈ? ਮੈਂ ਕਹਿੰਦਾ ਹਾਂ ਪਿਆਰ ਅਤੇ ਗੁਰਭਕਤੀ(love and devotion ) ਨਾਲ. ਤੁਸੀਂ ਪਿਆਰ ਕਿਵੇਂ ਪ੍ਰਾਪਤ ਕਰਦੇ ਹੋ? ਤੁਸੀਂ ਗੁਰਭਕਤੀ ਕਿਵੇਂ ਪ੍ਰਾਪਤ ਕਰਦੇ ਹੋ? ਕਿਰਪਾ ਤੋਂ ਬਿਨਾ ਇਹ ਚੀਜ਼ਾਂ ਬਿਲਕੁਲ ਨਹੀਂ ਮਿਲਦੀਆਂ. ਇਹ ਕਿਰਪਾ ਹੀ ਹੈ ਜਿਸ ਨਾਲ ਸਾਨੂੰ ਪਿਆਰ ਪ੍ਰਾਪਤ ਹੁੰਦਾ ਹੈ. ਇਹ ਕਿਰਪਾ ਹੀ ਹੈ ਜਿਸ ਨਾਲ ਸਾਨੂੰ ਗੁਰਭਕਤੀ ਪ੍ਰਾਪਤ ਹੁੰਦੀ ਹੈ. ਇਹ ਕਿਰਪਾ ਹੀ ਹੈ ... ਕਈ ਵਾਰ ਸਾਨੂੰ ਪਤਾ ਨਹੀਂ ਲੱਗਦਾ ਕਿ ਕ੍ਰਿਪਾ ਕੀ ਹੈ. ਜਦੋਂ ਅਸੀਂ ਇੱਕ ਰੂਹਾਨੀ ਰਸਤੇ ਤੇ ਚਲਦੇ ਹਾਂ, ਹੌਲੀ ਹੌਲੀ ਕਦਮ-ਦਰ-ਕਦਮ ਤੁਰਦੇ ਹਾਂ, ਸਾਨੂੰ ਅਹਿਸਾਸ ਹੁੰਦਾ ਹੈ ਕਿ ਅਸੀਂ ਜੋ ਕੋਸ਼ਿਸ਼ ਕਰ ਰਹੇ ਸੀ, ਜਿਸਨੂੰ ਅਸੀਂ ਉਸ ਪੜਾਵ ਤਕ ਪਹੁੰਚਣ ਲਈ ਜਰੂਰੀ ਸਮਝਦੇ ਸਾਂ, ਇਸਦੇ ਨਾਲ ਕੁਝ ਵੀ ਨਹੀਂ ਹੋਣ ਵਾਲਾ. ... ਜਦੋਂ ਅਸੀਂ ਉਸ ਪੜਾਵ ਤੇ ਪਹੁੰਚਦੇ ਹਾਂ, ਤਾਂ ਸਾਨੂੰ ਪਤਾ ਲੱਗਦਾ ਹੈ ਕਿ ਅਸੀਂ ਕੋਸ਼ਿਸ਼ ਵੀ ਕਿਰਪਾ ਕਰਕੇ ਹੀ ਕਰ ਰਹੇਂ ਸਾਂ. ਜੋ ਵੀ ਕੋਸ਼ਿਸ਼ ਕਰ ਰਹੇ ਸੀ ਉਹ ਵੀ ਬਿਨਾ ਕਿਰਪਾ ਦੇ ਸੰਭਵ ਨਹੀਂ ਸੀ. ਉਹ ਕਿਰਪਾ ਪਹਿਲੇ ਦਿੰਨ ਤੋਂ ਹੀ ਜਦੋਂ ਅਸੀਂ ਅਭਿਆਸ ਸ਼ੁਰੂ ਕੀਤਾ ਸਾਡੇ ਨਾਲ ਸੀ. ਇਹ ਭਾਵਨਾਵਾਂ(feelings ) ਬਿਨਾ ਕਿਰਪਾ ਤੋਂ ਨਹੀਂ ਆਉਂਦੀਆਂ.

ਅੰਤ ਵਿੱਚ, ਯਾਤਰਾ ਦੇ ਅਖੀਰ ਵਿਚ ਜਦੋਂ ਅਸੀਂ ਸੱਚਖੰਡ ਪਹੁੰਚਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਸਾਰੀ ਗੱਲ ਕ੍ਰਿਪਾ ਉੱਤੇ ਅਧਾਰਿਤ ਸੀ. ਕ੍ਰਿਪਾ ਹੀ ਅਸਲੀਅਤ ਹੈ, ਪ੍ਰਮੇਸ਼ਵਰ ਦੀ ਕ੍ਰਿਪਾ ਤੋਂ ਬਿਨਾ, ਮੁਰਸ਼ਿਦ ਦੀ ਕਿਰਪਾ ਤੋਂ ਬਿਨਾਂ ਕੁਝ ਵੀ ਨਹੀਂ ...ਮੈਂ ਪਰਮਾਤਮਾ ਦੀ ਕ੍ਰਿਪਾ ਕਹਿੰਦਾ ਹਾਂ, ਅਤੇ ਬਾਅਦ ਵਿਚ ਮੁਰਸ਼ਿਦ ਦੀ ਕਿਰਪਾ ਕਹਿੰਦਾ ਹਾਂ, ਕਿਉਂਕਿ ਮੁਰਸ਼ਿਦ ਕੋਲ ਹਰ ਸਮੇਂ ਪ੍ਰਮੇਸ਼ਵਰ ਦੀ ਚੇਤਨਾ ਹੁੰਦੀ ਹੈ. ਇੱਕ ਮੁਰਸ਼ਿਦ, ਇੱਕ ਕਾਮਲ ਮੁਰਸ਼ਿਦ ਜਾਂ ਪਰਮ ਸੰਤ ਸਤਿਗੁਰੂ ਉਹ ਇਨਸਾਨ ਨਹੀਂ ਜਿਸਨੂੰ ਕਦੀ ਕੁਝ ਖਾਸ ਅਨੁਭਵ ਜਾਂ ਤਜਰਬੇ ਹੋਏ. ਉਹ ਐਸਾ ਇਨਸਾਨ ਨਹੀਂ ਜਿਹੜਾ ਕੇ ਸੱਚਖੰਡ ਤਕ ਪਹੁੰਚਣ ਤੋਂ ਬਾਅਦ ਸਾਨੂੰ ਕੁਝ ਦੱਸਣ ਲਈ ਵਾਪਸ ਆ ਗਿਆ ਹੋਵੇ. ਉਹ ਕੀ ਹੈ. ਇੱਕ ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਜਾ perfect living master ਸਾਡੇ ਵਾਂਗ ਹੀ ਇਕ ਮਨੁੱਖ ਹੈ ਜੋ ਸਾਡੇ ਵਾਂਗ, ਇਕ ਮਨੁੱਖ ਹੁੰਦੇ ਹੋਏ, ਉਹ ਜਦੋਂ ਸਾਡੇ ਵਿਚ ਵਿਚਰ ਰਿਹਾਂ ਹੁੰਦਾ ਹੈ ਤਾਂ ਉਸ ਵੇਲੇ ਵੀ ਉਸ ਨੂੰ ਸਮੁੱਚੀ ਚੇਤਨਾ ਜਾਂ ਪਰਮਾਤਮਾ ਬਾਰੇ ਪੂਰੀ ਸੋਝੀ ਹੁੰਦੀ ਹੈ. ਉਸਦੀ ਇਹ ਸੋਝੀ ਹਮੇਸ਼ਾਂ ਬਣੀ ਰਹਿੰਦੀ ਹੈ. ਅਜਿਹੇ ਵਿਅਕਤੀ ਦੀ ਸੰਗਤ ਜੋ ਕਿ ਹਰ ਵਕਤ ਸਮੁੱਚੀ ਚੇਤਨਾ ਦੀ ਸੋਝੀ ਰੱਖਦਾ ਹੈ ਬਹੁਤ ਹੀ ਦੁਰਲੱਭ ਹੈ. ਇਸ ਤੋਂ ਵਧੀਆ ਮੈਨੂੰ ਹੋਰ ਕੋਈ ਚੀਜ ਨਹੀਂ ਪਤਾ. ਇਸ ਤੋਂ ਵਧੀਆ ਮੈਨੂੰ ਕੁਝ ਵੀ ਨਹੀਂ ਲੱਭਾ, ਜਿਥੇ ਸਾਡੇ ਨਾਲ ਇੱਕ ਐਸਾ ਵਿਅਕਤੀ ਬੈਠਾ ਹੋਵੇ ਜੋ ਜਰ ਸਮੇਂ ਚੇਤਨ ਦੀਆਂ ਸਾਰੀਆਂ ਅਵਸਥਾਵਾਂ ਅਤੇ ਸਮੁੱਚਤਾ ਦੀ ਸੋਝੀ ਰੱਖਦਾ ਹੋਵੇ. ਐਸਾ ਵਿਅਕਤੀ ਹਰ ਸਮੇਂ ਜਾਣਦਾ ਅਤੇ ਵੇਖਦਾ ਹੈ ਕਿ ਅਸੀਂ ਸਾਰੇ ਇੱਕ ਹਾਂ ਅਤੇ ਉਸੇ ਸਮੇਂ ਅਨੇਕ ਹਾਂ. ਇਹ ਅਸੀਂ ਨਹੀਂ ਕਰ ਸਕਦੇ. ਇਸ ਲਈ, ਇਹ ਪਰਮਾਤਮਾ ਅਤੇ ਮੁਰਸ਼ਿਦ ਦੀ ਕ੍ਰਿਪਾ ਹੈ - ਮੈਂ ਸਮਝਦਾ ਹਾਂ ਕਿ ਮੁਰਸ਼ਿਦ ਅਤੇ ਪ੍ਰਮਾਤਮਾ ਦੀ ਕਿਰਪਾ ਵਿਚ ਕੋਈ ਫਰਕ ਨਹੀਂ. ਇਸ ਲਈ, ਜਦ ਅਸੀਂ ਇੱਕ ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਜਾ perfect living master ਨੂੰ ਮਿਲਦੇ ਹਾਂ, ਤਾਂ ਇਸਦਾ ਮਤਲਬ ਹੈ ਕਿ ਅਸੀਂ ਤਿਆਰ ਹਾਂ, ਸਾਡਾ ਸਮਾਂ ਆ ਗਿਆ ਹੈ. ਫਿਰ ਉਹ ਸਾਨੂੰ ਨਾਮਦਾਨ ਦੇਂਦਾ ਹੈ, ਯਕੀਨੀ ਤੌਰ ਤੇ ਉਸ ਨੇ ਸਾਨੂੰ ਸਵੀਕਾਰ ਕਰ ਲਿਆ ਅਤੇ ਕਹਿ ਦਿੱਤਾ " ਤੁਹਾਡਾ ਸਮਾਂ ਆ ਗਿਆ ਹੈ ਅਤੇ ਮੈਂ ਤੁਹਾਨੂੰ ਪ੍ਰਵਾਨ ਕਰ ਲਿਆ ਹੈ ਅਤੇ ਅਸੀਂ ਇਕੱਠੇ ਵਾਪਸ ਜਾਵਾਂਗੇ. ਉਹ ਇੱਕ ਸਾਥੀ ਬਣ ਜਾਂਦਾ ਹੈ, ਇੱਕ ਦੋਸਤ ਬਣ ਜਾਂਦਾ ਹੈ. ਇੱਕ ਸਹਿ-ਯਾਤਰੀ ਹੈ ਬਣ ਜਾਂਦਾ ਹੈ. ਉਸ ਨੂੰ ਕਿਤੇ ਵੀ ਕੋਈ ਸਫਰ ਕਰਨ ਦੀ ਲੋੜ ਨਹੀਂ. ਉਹ ਪਹਿਲਾਂ ਹੀ ਉੱਥੇ ਹੈ. ਜਦੋਂ ਅਸੀਂ ਉਸਨੂੰ ਮਿਲਦੇ ਹਾਂ ਉਹ ਪਹਿਲਾਂ ਹੀ ਸੱਚਖੰਡ ਵਿਚ ਹੁੰਦਾ ਹੈ. ਪਰ ਉਹ ਸਾਡੇ ਕੋਲ ਆਕੇ ਇੱਕ ਸਹਿ-ਯਾਤਰੀ ਦੀ ਤਰਾਂ ਸਾਡਾ ਸਾਥੀ ਬਣ ਜਾਂਦਾ ਹੈ.

ਦੁਬਾਰਾ ਫਿਰ, ਇੱਕ ਛੋਟੀ ਜਿਹੀ ਕਹਾਣੀ ਇਸ ਨੂੰ ਸਪਸ਼ਟ ਕਰੇਗੀ. ਇਕ ਵਾਰ ਦੀ ਗੱਲ ਹੈ ... ਜਿਆਦਾਤਰ ਕਹਾਣੀਆਂ ਇਨ੍ਹਾਂ ਸ਼ਬਦਾਂ ਨਾਲ ਹੀ ਸ਼ੁਰੂ ਹੁੰਦੀਆਂ ਹਨ ... ਇੱਕ ਵਾਰ ਦੀ ਗੱਲ ਹੈ ਕਿ ਇਕ ਬਹੁਤ ਚੰਗਾ ਰਾਜਾ ਸੀ, ਬਹੁਤ ਹੀ ਦਿਆਲੂ ਬਾਦਸ਼ਾਹ ਸੀ, ਜੋ ਚਾਹੁੰਦਾ ਸੀ ਕਿ ਉਸਦੀ ਸਾਰੀ ਪਰਜਾ ਖੁਸ਼ ਰਹੇ. ਇਸ ਲਈ, ਉਹ ਕਦੇ-ਕਦੇ ਭੇਸ ਬਦਲਕੇ, ਗੁਮਨਾਮ ਹੋ ਕੇ, ਲੋਕਾਂ ਨੂੰ ਦੇਖਣ ਜਾਂਦਾ ਸੀ, ਕਿ ਉਹ ਕਿਵੇਂ ਰਹਿੰਦੇ ਹਨ. ਰਾਜਾ ਇਕ ਵਾਰੀ ਜੰਗਲ ਵਿਚ ਘੁੰਮਦਾ ਸੀ ਤਾਂ ਇਕ ਬਜ਼ੁਰਗ ਆਦਮੀ ਨਜਰ ਆਇਆ. ਉਹ ਆਦਮੀ ਕੇਵਲ ਬੁੱਢਾ ਹੀ ਨਹੀਂ ਸੀ, ਪਰ ਬਹੁਤ ਹੀ ਬੁਰੀ ਹਾਲਤ ਵਿਚ ਸੀ, ਕਿਉਂਕਿ ਉਹ ਬਹੁਤ ਮਿਹਨਤ ਨਾਲ ਇਕ ਕੁਲਹਾੜੀ ਨਾਲ ਲਕੜਾਂ ਕੱਟਦਾ ਤੇ ਫਿਰ ਲੱਕੜਾਂ ਨੂੰ ਬਜ਼ਾਰ ਲੈ ਜਾਂਦਾ ਸੀ, ਉਨ੍ਹਾਂ ਨੂੰ ਵੇਚ ਕੇ ਉਸ ਨੂੰ ਥੋੜੇ ਜਿਹੇ ਪੈਸੇ ਮਿਲਦੇ ਸਨ, ਜਿਸ ਨਾਲ ਉਹ

ਮੁਸ਼ਕਿਲ ਨਾਲ ਆਪਣਾ ਜੀਵਨ ਚਲਾਉਂਦਾ ਸੀ. ਸੋ ਰਾਜਾ ਉਸ ਕੋਲ ਗਿਆ ਅਤੇ ਰਾਜੇ ਨੇ ਕਿਹਾ ਕਿ, "ਮੈਂ ਤੁਹਾਡੀ ਮਦਦ ਕਰਨਾ ਚਾਹੁੰਦਾ ਹਨ. ਮੈਂ ਤੁਹਾਨੂੰ ਰਾਜੇ ਦੇ ਮਹਿਲ ਵਿਚ ਲੈ ਜਾਣਾ ਚਾਹੁੰਦਾ ਹਾਂ." ਉਹ ਬੁੱਢਾ ਲੱਕੜਹਾਰਾ ਕਹਿੰਦਾ ਹੈ, " ਉਥੇ ਕੋਈ ਵੀ ਨਹੀਂ ਜਾ ਸਕਦਾ! "ਉਸ ਬੁਢੇ ਨੇ ਕਿਹਾ," ਕੀ ਤੂੰ ਰਾਜੇ ਦੇ ਮਹਿਲਾਂ ਦੀ ਗੱਲ ਕਰਦਾ ਹੈਂ? ਕੀ ਤੂੰ ਜਾਣਦਾ ਹੈਂ ਕਿ ਮਹਿਲ ਤੋਂ ਬਾਹਰ ਹੀ ਪਹਿਰੇਦਾਰ ਮੌਜੂਦ ਹਨ. ਉਹ ਕਿਸੇ ਨੂੰ ਅੰਦਰ ਨਹੀਂ ਜਾਣ ਦਿੰਦੇ. ਤੂੰ ਉੱਥੇ ਕਿਵੇਂ ਜਾ ਪਏਗਾ ?" ਰਾਜੇ ਨੇ ਕਿਹਾ, " ਮੈਨੂੰ ਉਥੇ ਦਾ ਇੱਕ ਪਹਿਰੇਦਾਰ ਜਾਣਦਾ ਹੈ. ਉਹ ਮੇਰੀ ਗੱਲ ਸੁਣਦਾ ਹੈ." ਉਸ ਨੇ ਕਿਹਾ," ਮੈਂ ਨਹੀਂ ਯਕੀਨ ਕਰਦਾ ਕਿਸੇ ਦੀ ਉਥੇ ਤੱਕ ਪਹੁੰਚ ਨਹੀਂ ਹੋ ਸਕਦੀ ਹੈ. ਤੂੰ ਵੀ ਮੇਰੇ ਵਰਗਾ ਲਗਦਾ ਹੈਂ, ਜੰਗਲ ਵਿਚ ਬੈਠਾ ਹੈਂ. ਚੰਗਾ ਹੋਵੇਗਾ ਕਿ ਤੂੰ ਵੀ ਲੱਕੜਾਂ ਕੱਟ ਅਤੇ ਮੇਰੇ ਨਾਲ ਕੰਮ ਕਰ. "
ਸੋ, ਰਾਜੇ ਨੇ ਲੱਕੜਾਂ ਕੱਟਨੀਆਂ ਸ਼ੁਰੂ ਕਰ ਦਿੱਤੀਆਂ, ਜਿਨ੍ਹਾਂ ਨੂੰ ਉਹ ਪਿਠ ਤੇ ਚੁਕਦਾ, ਅਤੇ ਉਸ ਆਦਮੀ ਦੇ ਨਾਲ ਨਾਲ ਜਾਕੇ ਬਾਜ਼ਾਰ ਵਿਚ ਵੇਚਦਾ. ਉਹ ਉਸ ਵਰਗਾ ਹੀ ਬਣ ਗਿਆ. ਬੁੱਢਾ ਖੁਸ਼ ਸੀ ਕਿਉਂ ਕਿ ਰਾਜਾ ਇਕ ਚੰਗੇ ਆਦਮੀ ਦੀ ਤਰਾਂ ਕੰਮ ਕਰਦਾ ਹੈ ਅਤੇ ਹੁਣ ਰਾਜੇ ਨੂੰ ਮਿਲਣ ਜਾਣ ਵਾਲੀਆਂ ਮੂਰਖਤਾ ਭਰੀਆਂ ਗੱਲਾਂ ਨਹੀਂ ਕਰਦਾ - ਭਲਾ ਕੇਹੜਾ ਬੰਦਾ ਰਾਜੇ ਕੋਲ ਜਾਂ ਸਕਦਾ ਹੈ ? ਹੌਲੀ ਹੌਲੀ ਯਕੀਨ ਵਧਦਾ ਗਿਆ ਅਤੇ ਦੋਵੇਂ ਚੰਗੇ ਦੋਸਤ ਬਣ ਗਏ ਹਨ, ਅਤੇ ਲੱਕੜਹਾਰੇ ਨੂੰ ਉਸ ਤੇ ਭਰੋਸਾ ਹੋਣ ਲੱਗ ਪਿਆ ਕਿ , "ਇਹ ਝੂਠ ਨਹੀਂ ਬੋਲਦਾ." ਹੁਣ ਉਹ ਫਿਰ ਕਹਿਣ ਲੱਗਾ ਕਿ "ਉਹ ਮਹਿਲ ਦੇ ਇੱਕ ਪਹਿਰੇਦਾਰ ਨੂੰ ਜਾਣਦਾ ਹੈ". ਬੁੜਾ ਸੋਚਦਾ ਹੈ ਸ਼ਾਇਦ ਉਹ ਸਚੀਂ ਹੀ ਜਾਣਦਾ ਹੋਵੇ. ਚਲੋ ਚਲਦੇ ਹਾਂ. ਦੋਵੇਂ ਮਹਿਲ ਜਾਣ ਦਾ ਮਨ ਬਣਾਉਂਦੇ ਹਨ. ਰਾਜਾ ਪਹਿਰੇਦਾਰ ਕੋਲ ਜਾ ਕੇ ਹਲਕਾ ਜੇਹਾ ਕਹਿੰਦਾ ਹੈ ਕਿ ਉਸ ਬਾਰੇ ਨਾ ਦੱਸੇ ਕਿਉਂਕਿ ਉਹ ਗੁਮਨਾਮ ਰਹਿ ਕੇ ਇਹ ਪ੍ਰਯੋਗ ਕਰਨਾ ਚਾਹੁੰਦਾ ਹੈ. ਰਾਜਾ ਪਹਿਰੇਦਾਰ ਨੂੰ ਕਹਿੰਦਾ ਹੈ ਕਿ "ਅਸੀਂ ਮਹਿਲ ਨੂੰ ਦੂਰੋਂ ਹੀ ਦੇਖਣਾ ਚਾਹੁੰਦੇ ਹਾਂ. ਕੀ ਤੂੰ ਸਾਨੂੰ ਇੰਝ ਕਰਨ ਦੇਵੇਂਗਾ." ਲੱਕੜਹਾਰਾ ਆਪਣੇ ਦੋਸਤ ਨੂੰ ਕਹਿੰਦਾ ਹੈ, "ਇਹ ਜ਼ਰੂਰ ਸਾਨੂੰ ਮਨਾਂ ਕਰ ਦੇਣਗੇ, ਸ਼ਾਇਦ ਸਜ਼ਾ ਵੀ ਦੇਣ." ਪਰ ਪਹਿਰੇਦਾਰ ਭੇਸ਼ ਵਟਾਏ ਰਾਜੇ ਨੂੰ ਕਹਿੰਦਾ ਹੈ, "ਕਿਉਂਕਿ ਤੂੰ ਮੇਰਾ ਦੋਸਤ ਹੈਂ, ਤੁਸੀਂ ਮਹਿਲ ਨੂੰ ਦੂਰੋਂ ਦੇਖ ਸਕਦੇ ਹੋ ". ਸੋ ਦੋਵੇਂ ਮਹਿਲ ਵਾਲ ਝਾਕਦੇ ਹਨ. ਗਰੀਬ ਆਦਮੀ ਬਹੁਤ ਖੁਸ਼ ਹੁੰਦਾ ਹੈ, ਆਪਣੇ ਦੋਸਤ ਨੂੰ ਕਹਿੰਦਾ ਹੈ,"ਤੂੰ ਚੰਗਾ ਬੰਦਾ ਹੈਂ,ਇਸ ਪਹਿਰੇਦਾਰ ਨੂੰ ਜਾਣਦਾ ਹੈਂ."

ਕੁਝ ਦਿਨ ਬਾਅਦ ਉਸ ਰਾਜੇ ਨੇ ਕਿਹਾ, "ਮੈਂ ਇਕ ਅਜਿਹੇ ਵਿਅਕਤੀ ਨੂੰ ਜਾਣਦਾ ਹਾਂ ਜੋ ਮਹਿਲ ਦੇ ਅੰਦਰ ਰਹਿੰਦਾ ਹੈ ਅਤੇ ਰਾਜੇ ਦੇ ਕਾਫੀ ਕਰੀਬ ਹੈ, ਰਾਜੇ ਦਾ ਸੇਵਾਦਾਰ ਹੈ." ਉਸ ਨੇ ਕਿਹਾ, "ਠੀਕ ਹੈ. " ਹੁਣ ਥੋੜਾ ਵਿਸ਼ਵਾਸ ਬਣ ਗਿਆ ਹੈ. ਹੌਲੀ ਹੌਲੀ ਰਾਜਾ ਲੱਕੜਹਾਰੇ ਨੂੰ ਅੰਦਰ ਲੈ ਜਾਂਦਾ ਹੈ, ਅਤੇ ਫਿਰ ਸੇਵਾਦਾਰ ਨਾਲ ਗੱਲਾਂ ਕਰਦਾ ਹੈ ਅਤੇ ਲੱਕੜਹਾਰੇ ਨੂੰ ਕਹਿੰਦਾ ਹੈ, "ਮੈਂ ਇਹ ਕਰ ਸਕਦਾ ਹਾਂ ... ਜੇ ਤੁਸੀਂ ਚਾਹੁੰਦੇ ਹੋ? ਮੈਂ ਤੁਹਾਨੂੰ ਮੰਤਰੀ ਨਾਲ ਮਿਲਾ ਸਕਦਾ ਹਾਂ. ਇਹ ਸੇਵਾਦਾਰ ਮੰਤਰੀ ਨੂੰ ਜਾਣਦਾ ਹੈ ... " ਸੇਵਾਦਾਰ ਸਾਨੂੰ ਉਸ ਨਾਲ ਮਿਲਾ ਸਕਦਾ ਹੈ, ਮੈਂ ਪਹਿਲਾਂ ਵੀ ਮੰਤਰੀ ਨੂੰ ਮਿਲਿਆ ਹਾਂ. "ਇਸ ਲਈ", ਰਾਜਾ ਕਹਿੰਦਾ ਹੈ, "ਆ, ਉਸ ਨੂੰ ਮਿਲਦੇ ਹਾਂ". ਉਹ ਦੋਵੇਂ ਜਾਂਦੇ ਹਨ, ਮੰਤਰੀ ਨੂੰ ਮਿਲਦੇ ਹਨ, ਤੇ ਫਿਰ, ਉਹ ਵਾਪਸ ਆ ਕੇ ਲੱਕੜ ਕੱਟਣ ਅਤੇ ਵੇਚਣ ਦੇ ਕੰਮ ਤੇ ਲੱਗ ਜਾਂਦੇ ਹਨ." ਗਰੀਬ ਲੱਕੜਹਰਾ ਕਹਿੰਦਾ ਹੈ, "ਤੂੰ ਇੱਕ ਮਹਾਨ ਵਿਅਕਤੀ ਹੈਂ, ਇਹਨਾਂ ਸਾਰੇ ਸੰਪਰਕਾਂ ਦੇ ਬਾਵਜੂਦ... ਤੂੰ ਮੇਰੇ ਨਾਲ ਲੱਕੜ ਕੱਟ ਰਿਹਾ ਹੈਂ?" ਉਸਨੇ ਕਿਹਾ, "ਕਿਉਂਕਿ ਮੈਂ ਤੁਹਾਡਾ ਮਿੱਤਰ ਹਾਂ. ਮੈਂ ਤੇਰੇ ਵਰਗਾ ਹੀ ਹਾਂ ... ਮੈਂ ਇਹ ਕਰ ਰਿਹਾ ਹਾਂ. ਮੈਂ ਵੱਖਰਾ ਨਹੀਂ ਹਾਂ; ਅਸੀਂ ਦੋਵੇਂ ਲੱਕੜਹਾਰੇ ਹਾਂ. ਅਸੀਂ ਦੋਵੇਂ ਲੱਕੜੀ ਕੱਟ ਕੇ ਬਾਜ਼ਾਰ ਵਿਚ ਵੇਚਦੇ ਹਾਂ." ਇਕ ਦਿਨ ਫਿਰ ਉਹ ਕਹਿੰਦਾ ਹੈ, "ਮੇਰਾ ਉਥੇ ਇਕ ਹੋਰ ਸੰਪਰਕ ਹੈ. ਉਹ ਦੋਵੇਂ ਵਾਪਿਸ ਮੰਤਰੀ ਕੋਲ ਜਾਂਦੇ ਹਨ ਅਤੇ ਰਾਜਾ ਉਸ ਨੂੰ ਕਹਿੰਦਾ ਹੈ," "ਮੰਤਰੀ, ਕੀ ਤੁਸੀਂ ਸਾਨੂੰ ਇਸ ਮਹਿਲ ਦੇ ਰਾਜੇ ਕੋਲ ਲੈ ਜਾ ਸਕਦੇ ਹੋ ? ਮੰਤਰੀ ਸਹਿਮਤ ਸਹਿਮਤ ਹੋ ਜਾਂਦਾ ਹੈ. ਹੁਣ ਲੱਕੜਹਾਰਾ ਅਤੇ ਰਾਜਾ ਦੋਵੇਂ ਮਹਿਲ ਦੇ ਅੰਦਰ ਪਹੁੰਚ ਜਾਂਦੇ ਹਨ ਜਿਥੇ ਰਾਜੇ ਦਾ ਸਿੰਘਾਸਣ ਹੈ, ਸਿੰਘਾਸਣ ਖਾਲੀ ਸੀ ਅਤੇ ਲੱਕੜਹਾਰਾ ਕਹਿੰਦਾ ਹੈ, "ਰਾਜਾ ਕਿੱਥੇ ਹੈ?" ਰਾਜਾ ਜਾ ਕੇ ਸਿੰਘਾਸਣ ਉੱਤੇ ਬੈਠ ਜਾਂਦਾ ਹੈ. ਉਹ ਕਹਿੰਦਾ ਹੈ, "ਮੈਂ ਰਾਜਾ ਹਾਂ. ਤੁਹਾਡਾ ਸੁਆਗਤ ਹੈ." ਉਹ ਗਰੀਬ ਕਹਿੰਦਾ ਹੈ," ਤੁਸੀਂ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ? ਉਹ ਕਹਿੰਦਾ ਹੈ," ਮੈਂ ਨਹੀਂ ਦੱਸਿਆ ... ਮੈਂ ਤੈਨੂੰ ਇਹ ਕੁਝ ਵੀ ਨਹੀਂ ਸੀ ਦੱਸ ਸਕਦਾ. ਤੈਨੂੰ ਤਾਂ ਇਹ ਵੀ ਯਕੀਨ ਨਹੀਂ ਸੀ ਕਿ ਪਹਿਰੇਦਾਰ ਮੈਨੂੰ ਜਾਣਦਾ ਹੋਵੇਗਾ. ਤੈਨੂੰ ਇਨ੍ਹਾਂ ਹੀ ਪਤਾ ਸੀ ਕਿ ਮੈਂ ਤੇਰੀ ਤਰ੍ਹਾਂ ਇੱਕ ਲੱਕੜਹਰਾ ਹਾਂ. ਇਸ ਲਈ ਤੂੰ ਮੇਰੇ ਤੇ ਵਿਸ਼ਵਾਸ ਕੀਤਾ, ਮੇਰਾ ਮਿੱਤਰ ਬਣਿਆ ਅਤੇ ਰਾਜੇ ਨੂੰ ਮਿਲਣ ਆਇਆ.

ਸਾਡੀ ਸਥਿਤੀ ਵੀ ਕੁਝ ਇਹੋ ਜਿਹੀ ਹੈ. ਅਸੀਂ ਇਹ ਜਾਣ ਹੀ ਨਹੀਂ ਸਕਦੇ ਕਿ ਇੱਕ ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਜਾ perfect living master ਕੌਣ ਹੈ ਜਦ ਤੱਕ ਉਹ ਸਾਡੇ ਵਰਗਾ ਨਹੀਂ ਬਣ ਜਾਂਦਾ, ਸਾਡੇ ਵਰਗਾ ਜੀਵਨ ਨਹੀਂ ਬਤੀਤ ਕਰਦਾ, ਸਾਡਾ ਮਿੱਤਰ ਨਹੀਂ ਬਣ ਜਾਂਦਾ. ਫਿਰ ਉਹ ਹੌਲੀ ਹੌਲੀ ਦਰਵਾਜ਼ਾ ਖੋਲ੍ਹਦਾ ਅਤੇ ਸਾਨੂੰ ਕਹਿੰਦਾ ਹੈ ਇਹ ਝਲਕ ਦੇਖੋ, ਕਹਿੰਦਾ ਹੈ "ਮੈਂ ਤੁਹਾਨੂੰ ਅੰਦਰ ਵੀ ਕੁਝ ਦਿਖਾ ਸਕਦਾ ਹਾਂ". ਅਤੇ ਫਿਰ ਅਖੀਰ ਵਿੱਚ ਉਹ ਤੁਹਾਨੂੰ ਥੋੜਾ ਹੋਰ ਅੰਦਰ ਲੈ ਜਾਂਦਾ ਹੈ, ਅਤੇ ਉਸ ਨੂੰ ਸਾਰੇ ਵੱਖ ਵੱਖ ਹਿੱਸਿਆਂ ਬਾਰੇ ਪਤਾ ਹੁੰਦਾ ਹੈ, ਉਹ ਸਾਰੇ ਸਥਾਨਾਂ ਨੂੰ ਜਾਣਦਾ ਹੈ ਅਤੇ ਹੌਲੀ ਹੌਲੀ ਮੁਰਸ਼ਿਦ ਸਾਨੂੰ ਅੰਦਰ ਲੈ ਜਾਂਦਾ ਹੈ. ਉਹ ਕਹਿੰਦਾ ਹੈ ਕਿ ਸੱਚਖੰਡ ਪਹੁੰਚਣ ਤੇ "ਮੈਂ ਤੁਹਾਨੂੰ ਸਤਿ ਪੁਰਖ ਨਾਲ ਮਿਲਾਵਾਂਗਾ, ਜਿਸ ਨੇ ਇਹ ਸਭ ਸਿਰਜਿਆ ਹੈ." ਅਸੀਂ ਉੱਥੇ ਜਾਂਦੇ ਹਾਂ ਅਤੇ ਮੁਰਸ਼ਿਦ ਸਿੰਘਾਸਣ ਉੱਥੇ ਜਾਂ ਬੈਠਦਾ ਹੈ. ਉਹ ਹਰ ਸਮੇਂ ਸਤਿ ਪੁਰਖ ਸੀ, ਕੇਵਲ ਉਸ ਸਮੇਂ ਹੀ ਨਹੀਂ ਬਲਕਿ ਸ਼ੁਰੂ ਤੋਂ. ਅਸੀਂ ਇਨ੍ਹਾਂ ਚੀਜ਼ਾਂ ਨੂੰ ਸਵੀਕਾਰ ਨਹੀਂ ਕਰਦੇ. ਅਸੀਂ ਉਸਨੂੰ ਨਹੀਂ ਮੰਨਦੇ ਜਦੋਂ ਤੱਕ ਉਹ ਸਾਡੇ ਵਰਗਾ ਨਹੀਂ ਬਣਦਾ. ਜੇ ਉਹ ਅਸਧਾਰਨ ਹੁੰਦਾ ਹੈ ਤਾਂ ਅਸੀਂ ਉਸ ਦੀ ਪੂਜਾ ਕਰ ਸਕਦੇ ਹਾਂ ਪਰ ਉਸ ਨੂੰ ਇਕ ਸਹਿ-ਯਾਤਰੀ ਦੇ ਤੌਰ ਤੇ ਮਿੱਤਰ ਨਹੀਂ ਮੰਨ ਸਕਦੇ.

ਇਸ ਲਈ ਇਹ ਬਹੁਤ ਹੀ ਵਧੀਆ ਗੱਲ ਹੈ ਕਿ ਇਹ ਪਰਮ ਸੰਤ ਸਤਿਗੁਰੂ ਜਾਂ ਕਾਮਲ ਮੁਰਸ਼ਿਦ ਜਾਂ perfect living master ਦੁਨੀਆਂ ਵਿਚ ਆਉਂਦੇ ਹਨ. ਉਹ ਸਾਡੇ ਵਿਚ ਕੰਮ ਕਰਦੇ ਹਨ, ਸਾਡੇ ਵਰਗੇ ਬਣ ਜਾਂਦੇ ਹਨ, ਸਾਡੇ ਜੀਵਨ ਨਾਲ ਸਾਂਝ ਪਾਉਂਦੇ ਨੇ ਅਤੇ ਸਾਰਿਆਂ ਨੂੰ ਇਕੋ ਜੇਹਾ ਦੇਖਦੇ ਹਨ. ਇਸੇ ਕਰਕੇ ਅਸੀਂ ਦੋਸਤ ਬਣ ਜਾਂਦੇ ਹਾਂ. ਇਸੇ ਕਰਕੇ ਹੀ ਅਸੀਂ ਕਿਸੇ ਮਨੁੱਖ ਦੇ ਨਾਲ ਸੱਚੇ ਪਿਆਰ ਦਾ ਅਨੁਭਵ ਕਰਦੇ ਹਾਂ. ਮਨੁੱਖ ਤੋਂ ਬਿਨਾ ਤੁਸੀਂ ਕਿਸੇ ਹੋਰ ਨਾਲ ਸੱਚੇ ਪਿਆਰ ਦਾ ਅਨੁਭਵ ਨਹੀਂ ਕਰ ਸਕਦੇ.

ਮੈਂ ਇਹ ਗੱਲ ਜ਼ੋਰ ਦੇ ਕੇ ਕਹਿ ਰਿਹਾ ਹਾਂ, ਕਿਉਂਕਿ ਬਾਕੀ ਸਭ ਕੁਝ ਮਨ ਦਾ ਲਗਾਉ ਹੈ. ਸੱਚੀ ਪ੍ਰੀਤ ਸਾਡੀ ਰੂਹ ਤੋਂ ਆਉਂਦੀ ਹੈ. ਜਦੋਂ ਅਸੀਂ ਕਹਿੰਦੇ ਹਾਂ, "ਮੈਂ ਆਪਣੇ ਘਰ ਨੂੰ ਪਿਆਰ ਕਰਦਾ ਹਾਂ," ਇਹ ਤੁਹਾਡਾ ਘਰ ਨਾਲ ਲਗਾਉ ਹੈ; "ਮੈਂ ਆਪਣੇ ਬੱਚਿਆਂ ਨੂੰ ਪਿਆਰ ਕਰਦਾ ਹਾਂ," ਇਹ ਤੁਹਾਡਾ ਬੱਚਿਆਂ ਦਾ ਲਗਾਉ ਹੈ; "ਮੈਂ ਉਸਨੂੰ ਪਿਆਰ ਕਰਦਾ ਹਾਂ" ... ਇਹ ਵਾਕ ਸਾਡੀ ਹਉਮੈ ਨਾਲ ਬਣੇ ਹਨ. "ਮੈਂ ਇਹ ਕਰ ਰਿਹਾ ਹਾਂ, ਮੈਂ ਪਿਆਰ ਕਰ ਰਿਹਾ ਹਾਂ," ਜਿਵੇਂ ਕਿ ਮੈਂ ਇੱਕ ਵੱਡਾ

ਆਦਮੀ ਹਾਂ, ਮੈਂ ਵਧੀਆ ਹਾਂ, ਕਿਉਂਕਿ ਮੈਂ ਉਸ ਨੂੰ ਪਿਆਰ ਕਰ ਸਕਦਾ ਹਾਂ. ਇਹ ਕੇਵਲ ਤੁਹਾਡੀ ਹਉਮੈ ਦਾ ਪ੍ਰਗਟਾਵਾ ਹੈ. ਇਸ ਵਿਚ ਕੋਈ ਵੀ ਪਿਆਰ ਨਹੀਂ. ਜਿਥੇ ਪਿਆਰ ਹੈ ਉਥੇ ਕੋਈ ਹਉਮੈ ਨਹੀਂ ਹੁੰਦੀ.

ਮੰਨ ਲਓ, ਤੁਸੀਂ ਇਕ ਵਿਅਕਤੀ, ਇਕ ਮਨੁੱਖ ਨੂੰ ਪਿਆਰ ਕਰਨ ਲੱਗ ਪੈਂਦੇ ਹੋ. ਕਦੇ ਤੁਸੀਂ ਧਿਆਨ ਦਿੱਤਾ ਹੈ ਕਿ ਤੁਹਾਡੇ ਨਾਲ ਕੀ ਹੁੰਦਾ ਹੈ? ਤੁਸੀਂ 'ਮੈਂ' ਬਾਰੇ ਗੱਲ ਨਹੀਂ ਕਰਦੇ. ਤੁਸੀਂ ਪਿਆਰੇ ਦੀ ਗੱਲ ਕਰਦੇ ਹੋ; ਪਿਆਰਾ ਹੀ ਤੁਹਾਡੇ ਮੰਨ ਉੱਤੇ ਛਾਇਆ ਰਹਿੰਦਾ ਹੈ. ਤੁਸੀਂ ਹਰ ਵੇਲੇ ਪਿਆਰੇ ਬਾਰੇ ਸੋਚਦੇ ਰਹਿੰਦੇ ਹੋ. ਤੁਸੀਂ ਆਪਣੇ ਬਾਰੇ ਨਹੀਂ ਸੋਚ ਸਕਦੇ. ਅਸੀਂ ਹੋਰ ਸਭ ਲਗਾਵਾਂ ਵਿਚ ਪਹਿਲਾਂ ਆਪਣੇ ਬਾਰੇ ਸੋਚਦੇ ਹਾਂ. ਹਰ ਵੇਲੇ ਕਹਿੰਦੇ ਹਾਂ, "ਮੈਂ ਤੁਹਾਨੂੰ ਪਿਆਰ ਕਰਦਾ ਹਾਂ, ਮੈਂ ਤੁਹਾਨੂੰ ਪਿਆਰ ਕਰਦਾ ਹਾਂ ..." ਅਤੇ ਮੈਂ ਹਰ ਰੋਜ਼ ਲੋਕਾਂ ਨੂੰ ਇਹ ਵਾਕ ਦੁਹਰਾਉਂਦੇ ਸੁਣਦਾ ਹਾਂ, ਲੱਗਦਾ ਹੈ ਜਿਵੇਂ ਉਹ ਅਸੁਰੱਖਿਅਤ ਹਨ ਅਤੇ ਹਰ ਪਲ ਮੁੜ ਮੁੜ ਦੁਹਰਾ ਕੇ ਇਸ ਨੂੰ ਕਹਿੰਦੇ ਹਨ. ਜੇ ਤੁਸੀਂ ਕਿਸੇ ਨੂੰ ਪਿਆਰ ਕਰਦੇ ਹੋ, ਕੀ ਇਹ ਪਿਆਰ ਹਰ ਪਲ ਖਤਮ ਹੋ ਜਾਂਦਾ ਹੈ ਕਿ ਤੁਹਾਨੂੰ ਦੁਹਰਾਣਾ ਪਵੇ? ਜਦ ਤਸੀਂ ਕਹਿੰਦੇ ਹੋ, "ਮੈਂ ਤੁਹਾਨੂੰ ਪਿਆਰ ਕਰਦਾ ਹਾਂ," ਦੂਸਰਾ ਵਿਅਕਤੀ ਆਖਦਾ ਹੈ, "ਮੈਂ ਤੁਹਾਡੇ ਨਾਲ ਨਫ਼ਰਤ ਕਰਦਾ ਹਾਂ .."
ਤੁਸੀਂ ਵੀ ਇਕਦਮ ਇਹ ਕਹਿੰਦੇ ਹੋ, "ਮੈਂ ਵੀ ਤੁਹਾਡੇ ਨਾਲ ਨਫ਼ਰਤ ਕਰਦਾ ਹਾਂ.", ਇਹ ਕਿਸ ਕਿਸਮ ਦਾ ਪਿਆਰ ਹੈ? ਇਹ ਪਿਆਰ ਨਹੀਂ ਹੈ. ਇਹ ਸਾਡੇ ਦੁਆਰਾ ਤਿਆਰ ਕੀਤੀਆਂ ਗਈਆਂ ਹਉਮੈ ਦੀਆਂ ਭਾਵਨਾਵਾਂ ਹਨ, ਅਤੇ ਇਹ ਲਗਾਵ, ਮੋਹ, ਅਤੇ ਦਿਲਚਸਪੀਆਂ ਕਿਸੇ ਹੋਰ ਚੀਜ ਤੇ ਅਧਾਰਿਤ ਹਨ. ਮਨ ਆਕਰਸ਼ਿਤ ਹੋ ਰਿਹਾ ਹੈ. ਭਾਵਨਾਵਾਂ ਆਕਰਸ਼ਿਤ ਹੋ ਰਹੀਆਂ ਹਨ - ਇਹ ਪਿਆਰ ਨਹੀਂ ਹੈ. ਪਿਆਰ ਕੁਝ ਅਜਿਹੀ ਚੀਜ਼ ਹੈ ਜੋ ਤੁਹਾਡੇ ਅੰਦਰ ਦੀ ਆਤਮਾ ਨੂੰ ਫੜ ਲੈਂਦੀ ਹੈ. ਪਿਆਰ ਕੁਝ ਅਜਿਹੀ ਚੀਜ਼ ਹੈ ਜੋ ਤੁਹਾਨੂੰ ਖਿੱਚਦੀ ਹੈ,ਅਤੇ ਤੁਹਾਨੂੰ ਪਤਾ ਨਹੀਂ ਲੱਗਦਾ ਕਿ ਇਹ ਕਿਵੇਂ ਹੋ ਰਿਹਾ ਹੈ. ਪਿਆਰ ਉਹ ਹੈ ਜੋ ਤੁਹਾਨੂੰ ਖਿੱਚਦਾ ਹੈ ਜਦੋਂ ਤੁਹਾਡਾ ਪੂਰਾ ਮਨ ਲੜਨ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ ਅਤੇ ਫਿਰ ਵੀ ਤੁਹਾਨੂੰ ਖਿੱਚ ਲੈਂਦਾ ਹੈ.

ਅਜਿਹਾ ਪਿਆਰ ਆਸਾਨੀ ਨਾਲ ਨਹੀਂ ਲੱਭਦਾ. ਪਰ ਅਜਿਹੇ ਪਿਆਰ ਨੂੰ ਇਸ ਸੰਸਾਰ ਵਿੱਚ ਲਭਿਆ ਜਾਂ ਸਕਦਾ ਹੈ. ਇਹ ਬੇ ਸ਼ਰਤ ਪਿਆਰ, ਨਿਰਪੱਖ ਪਿਆਰ, ਇੱਕ ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਜਾ perfect living ਮਾਸਟਰ ਵਿੱਚ ਹੁੰਦਾ ਹੈ. ਮੈਂ ਲਗਭਗ ਇਹ ਸਿੱਟਾ ਕੱਢ ਲਿਆ ਹੈ ਕੇ ਜੇ ਤੁਸੀਂ ਜਾਨਣਾ ਚਾਹੁੰਦੇ ਹੋ ਕੀ ਕੇਹੜਾ ਇਨਸਾਨ ਇੱਕ ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਜਾ perfect living ਮਾਸਟਰ ਹੈ, ... ਲੋਕ ਕਹਿੰਦੇ ਹਨ ਕਿ ਬਹੁਤ ਸਾਰੀਆਂ ਨਿਸ਼ਾਨੀਆਂ ਹਨ: "ਉਹ ਇੱਕ ਆਮ ਆਦਮੀ ਵਾਂਗੂ ਰਹਿੰਦਾ ਹੈ ... ਉਹ ਲੋਕਾਂ ਤੋਂ ਪੈਸਾ ਨਹੀਂ ਲੈਂਦਾ ... ਉਹ ਉਨ੍ਹਾਂ ਨੂੰ ਕਈ ਚੀਜ਼ਾਂ ਦਿੰਦਾ ਹੈ ... ਉਹ ਲੈਂਦਾ ਨਹੀਂ ... ਉਹ ਦੁਨੀਆਂ ਵਿਚ ਚਮਤਕਾਰ ਨਹੀਂ ਦਿਖਾਉਂਦਾ ... ਉਹ ਅੰਦਰ ਜਾਣ ਬਾਰੇ ਸਿਖਾਉਂਦਾ ਹੈ - ਅਜਿਹੀਆਂ ਕਈ ਨਿਸ਼ਾਨੀਆਂ ਹਨ, ਜਿਨ੍ਹਾਂ ਵਿੱਚੋਂ ਬਹੁਤਿਆਂ ਦੀ ਕੋਈ ਸ਼ਾਤਿਰ ਇਨਸਾਨ ਨਕਲ ਕਰ ਸਕਦਾ ਹੈ. ਕੋਈ ਸ਼ਾਤਿਰ ਵਿਅਕਤੀ ਉਹ ਕੁਝ ਕਰ ਕੇ ਅਤੇ ਮੁਰਸ਼ਿਦ ਹੋਣ ਦਾ ਦਿਖਾਵਾ ਕਰ ਸਕਦਾ ਹੈ. ਪਰ ਇਕ ਚੀਜ਼ ਹੈ ਜਿਸਦਾ ਉਹ ਵਿਅਕਤੀ ਵਿਖਾਵਾ ਨਹੀਂ ਕਰ ਸਕਦਾ, ਅਤੇ ਉਹ ਮੈਂ ਸਮਝਦਾ ਹਾਂ ਕਿ ਉਹ ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਦਾ ਸੱਚਾ ਅਤੇ ਬੇ ਸ਼ਰਤ ਪਿਆਰ. ਉਸਦਾ ਬੇ ਸ਼ਰਤ ਪਿਆਰ ਕਿਸੇ ਵੀ ਹਾਲਤ ਵਿਚ ਨਹੀਂ ਬਦਲਦਾ. ਉਸ ਦੀ ਨਿਰਪੱਖ ਦਇਆ ਅਤੇ ਪਿਆਰ ਦੀ ਕੋਈ ਵੀ ਨਕਲ ਨਹੀਂ ਕਰ ਸਕਦਾ. ਇਹ ਉਹ ਪਿਆਰ ਹੈ ਜੋ ਸਾਨੂੰ ਖਿੱਚ ਲੈਂਦਾ ਹੈ ਅਤੇ ਇਸ ਲਈ, ਜੇ ਕੋਈ ਕਹਿੰਦਾ ਹੈ, "ਮੈਂ ਜਾਣਨਾ ਚਾਹੁੰਦਾ ਹਾਂ ਕਿ ਮੁਰਸ਼ਿਦ ਕੌਣ ਹੈ?" ਉਹ ਜੋ ਤੁਹਾਨੂੰ ਬੇ- ਸ਼ਰਤ ਪਿਆਰ ਨਾਲ ਖਿੱਚਦਾ ਹੈ ... ਉਸਦੇ ਪਿੱਛੇ ਜਾਉ. ਭਾਵੇਂ ਉਹ ਇਕ ਕਾਮਲ ਮੁਰਸ਼ਿਦ ਵੀ ਨਾ ਹੋਵੇ, ਮੈਂ ਕਹਿੰਦਾ ਹਾਂ ... ਫਿਰ ਵੀ ਉਸਦੇ ਪਿੱਛੇ ਜਾਉ, ਕਿਉਂਕਿ ਉਹ ਤੁਹਾਨੂੰ ਸਹੀ ਦਿਸ਼ਾ ਵੱਲ ਲਿਜਾ ਰਿਹਾ ਹੈ. ਉਹ ਤੁਹਾਨੂੰ ਦਿਖਾ ਰਿਹਾ ਹੈ ਕਿ ਸੱਚੇ ਘਰ ਦੀ ਯਾਤਰਾ ਸਾਡੇ ਅੰਦਰ ਹੀ ਹੈ ਅਤੇ ਪਿਆਰ ਅਤੇ ਗੁਰਭਕਤੀ ਹੀ ਇਸਦਾ ਅਸਲੀ ਰਹੱਸ ਹੈ. ਜਿੰਨਾ ਚਿਰ ਸਾਨੂੰ ਇਸ ਬਾਰੇ ਪਤਾ ਹੈ, ਅਸੀਂ ਸਹੀ ਰਸਤੇ ਤੇ ਹਾਂ.

ਆਪਣੇ ਮਨ ਦੀਆਂ ਗਤੀਵਿਧੀਆਂ ਨਾਲ ਅਸੀਂ ਇਨਾ ਪ੍ਰਭਾਵਿਤ ਹੋ ਚੁੱਕੇ ਹਾਂ ਹਨ ਕਿ ਹਰ ਚੀਜ਼ ਨੂੰ ਮਨ ਨਾਲ ਲੱਭਣਾ ਚਾਹੁੰਦੇ ਹਾਂ. ਅਸੀਂ ਮਨ ਦੁਆਰਾ ਹੀ ਆਪਣਾ ਸੱਚਾ ਘਰ ਲੱਭਣਾ ਚਾਹੁੰਦੇ ਹਾਂ; ਅਸੀਂ ਮਨ ਨੂੰ ਲੱਭਣ ਲਈ ਬਹੁਤ ਗਹਿਰਾਈ ਨਾਲ ਸੋਚਦੇ ਹਾਂ. ਅਸੀਂ ਪਰਮਾਤਮਾ ਨੂੰ ਵੀ ਅਭਿਆਸ/simran ਰਾਹੀਂ, ਮਨ ਦੁਆਰਾ ਲਭਣਾ ਚਾਹੁੰਦੇ ਹਾਂ. ਇਹ ਨਾ ਭੁੱਲੋ ਕਿ ਅਭਿਆਸ/ ਸਿਮਰਨ ਵੀ ਇਕ ਮਾਨਸਿਕ ਚੀਜ਼ ਹੈ. ਆਪਣੇ ਸੱਚੇ ਘਰ, ਆਪਣੇ ਸੱਚਖੰਡ ਦੀ ਕਲਪਨਾ ਕਰੋ, ਜਿਥੋਂ ਦੇ ਅਸੀਂ ਵਸਨੀਕ ਹਾਂ, ਜਿੱਥੇ ਚੇਤਨਾ ਦੀ ਸਮੁੱਚਤਾ ਮੌਜੂਦ ਹੈ. ਉਥੇ ਕਾਲ ਅਤੇ ਦੇਸ਼ (space and time ) ਨਹੀਂ ਹੈ. ਹਰ ਕੋਈ ਇਹ ਕਹਿੰਦਾ ਹੈ. ਇੱਥੋਂ ਤੱਕ ਕਿ ਕਿਤਾਬਾਂ ਦਾ ਵੀ ਕਹਿਣਾ ਹੈ ਕਿ ਸੱਚਖੰਡ ਦੇਸ਼ ਅਤੇ ਕਾਲ (space and time ) ਤੋਂ ਪਰੇ ਹੈ. ਇਹ ਦੇਸ਼ ਅਤੇ ਕਾਲ ( space and time ) ਇਹ ਸਾਡੇ ਤਜਰਬੇ ਲਈ ਬਣਾਇਆ ਗਿਆ ਹੈ. ਹੁਣ, ਜੋ ਸਾਡਾ ਸੱਚਾ ਘਰ ਹੈ, space and time ਤੋਂ ਪਰੇ. ਤੁਸੀਂ ਕਿਵੇਂ ਇਸਦਾ ਵਰਣਨ ਕਰ ਸਕਦੇ ਹੋ? ਤੁਸੀਂ ਕਿਵੇਂ ਇਸ ਬਾਰੇ ਗੱਲ ਕਰ ਸਕਦੇ ਹੋ? ਸਾਡੇ ਕੋਲ ਕੋਈ ਭਾਸ਼ਾ ਹੀ ਨਹੀਂ ਹੈ ਜੋ ਅਜਿਹੀ ਚੀਜ਼ ਦੀ ਵਿਆਖਿਆ ਕਰ ਸਕੇ. ਇਸ ਲਈ, ਇਹ ਸੋਚਣਾ ਕਿ ਅਸੀਂ ਬੌਧਿਕ ਤੌਰ ਤੇ ਕੁਝ ਕਰ ਸਕਦੇ ਹਾਂ, ਸਰੀਰਕ ਤਰੀਕਿਆਂ ਰਾਹੀਂ ਅਸੀਂ ਕੁਝ ਕਰ ਸਕਦੇ ਹਾਂ, ਇਹ ਹੋ ਹੀ ਨਹੀਂ ਸਕਦਾ. ਸ਼ਬਦਾਂ ਨੂੰ ਦੁਹਰਾ ਕੇ, ਮੰਤਰਾਂ ਨੂੰ ਦੋਹਰਾ ਕੇ, ਇੱਦਾਂ ਵੀ ਕੋਈ ਆਪਣੇ ਸੱਚੇ ਘਰ ਵਿੱਚ ਗਿਆ ਹੈ ? ਸ਼ਬਦ ਇੱਥੇ ਸਿਰਫ਼ ਇਥੇ ਦੇ ਲੋਕਲ ਲਫ਼ਜ਼ ਹਨ. ਉਹ ਤੁਹਾਨੂੰ ਮਨ ਤੋਂ ਪਰੇ ਕਿਵੇਂ ਲੈ ਕੇ ਜਾ ਸਕਦੇ ਹਨ? ਸੰਸਾਰ ਵਿਚ ਕੋਈ ਵੀ ਮੰਤਰ ਤੁਹਾਨੂੰ ਮਨ ਤੋਂ ਪਰੇ ਕਿਵੇਂ ਲਿਜਾ ਸਕਦਾ ਹੈ, ਜਦੋਂ ਉਹ ਇਕ ਮਨ ਨਾਲ ਬੋਲਿਆ ਹੋਇਆ ਸ਼ਬਦ ਹੈ ? ਕੋਈ ਵੀ ਅਭਿਆਸ ਜਿਸ ਵਿਚ ਕੁਝ ਸਰੀਰਕ ਆਸਨ ਕੀਤੇ ਜਾਣ ਦੀ ਲੋੜ ਹੈ, ਸ਼ਰੀਰਿਕ ਕਿਰਿਆਵਾਂ ਕੀਤੇ ਜਾਣ ਦੀ ਲੋੜ ਹੈ, ਸਰੀਰ ਦੀ ਸਥਿਰਤਾ ਕੀਤੇ ਜਾਣ ਦੀ ਲੋੜ ਹੈ, ਉਹ ਤੁਹਾਨੂੰ ਮਨ ਤੋਂ ਪਰੇ ਕਿਵੇਂ ਲੈਜਾ ਸਕਦੇ ਹਨ ?

ਇਹ ਸਾਰੀਆਂ ਮਾਨਸਿਕ ਯੋਜਨਾਵਾਂ ਅਤੇ ਮਾਨਸਿਕ ਕਿਰਿਆਵਾਂ ਹਨ. ਪਰ ਇੱਕ ਚੀਜ ਜੋ ਤੁਹਾਨੂੰ ਮਨ ਤੋਂ ਪਰੇ ਲੈਜਾਂਦੀ ਹੈ ਅਤੇ ਮਨ ਤੋਂ ਨਹੀਂ ਆਉਂਦੀ , ਉਸ ਦਾ ਸਰੀਰ ਨਾਲ ਕੋਈ ਸਬੰਧ ਨਹੀਂ, ਉਹ ਹੈ ਆਤਮਾ ਦੀ ਪਿਆਰ ਦੀ ਸ਼ਕਤੀ ਹੈ. ਕੇਵਲ ਉਹ ਸ਼ਕਤੀ ਤੁਹਾਨੂੰ ਮਨ ਤੋਂ ਪਰੇ ਲੈ ਜਾਂਦੀ ਹੈ. ਬਾਕੀ ਸਾਰਾ ਕੁਝ ਇਹ ਪਤਾ ਲਗਾਉਣ ਦਾ ਸਿਲਸਿਲਾ ਹੈ ਕੀ ਮਨ ਨਾਲ ਕੁਝ ਵੀ ਨਹੀਂ ਹੋਣ ਵਾਲਾ." ਅਸੀਂ ਸਖ਼ਤ ਮਿਹਨਤ ਕਰਦੇ ਹਾਂ, ਇਹ ਪਤਾ ਲਗਾਉਣ ਲਈ ਕੀ ਮਨ ਨਾਲ ਕੁਝ ਵੀ ਨਹੀਂ ਬਣਦਾ. ਜੇ ਮਨ ਨਾਲ ਕੰਮ ਨਹੀਂ ਸੀ ਬਣਨਾ ਤਾਂ ਅਸੀਂ ਏਨੀ ਮਿਹਨਤ ਕਰਨ ਦੀ ਕੋਸ਼ਿਸ਼ ਕਿਓਂ ਕੀਤੀ ? ਮਨ ਇਸਨੂੰ ਸਵੀਕਾਰ ਨਹੀਂ ਕਰਦਾ ਕੀ ਮਿਹਨਤ ਕੀਤੇ ਬਿਨਾ ਵੀ ਕੁਝ ਮਿਲ ਸਕਦਾ ਹੈ.

ਲੋਕ ਅੰਤ ਤੱਕ ਆਪਣੇ ਆਪ ਨਾਲ ਕਰਦੇ ਹਨ: "ਮੈਨੂੰ ਪਤਾ ਹੈ ਕਿ ਮੈਨੂੰ ਕੀ ਚਾਹੀਦਾ ਹੈ ... ਮੈਂ ਆਪਣੇ ਮਨ ਨਾਲ, ਆਪਣੀ ਕੋਸ਼ਿਸ਼ ਨਾਲ ਇਸ ਨੂੰ ਪ੍ਰਾਪਤ ਕਰ ਸਕਦਾ ਹਾਂ.ਕੋਈ ਹੋਰ ਮੇਰੀ ਮਦਦ ਨਹੀਂ ਕਰ ਸਕਦਾ. ਇਹ ਸਿਰਫ ਆਪਣੀ ਸਹਾਇਤਾ ਨਾਲ ਆਪਣੇ ਦਿਮਾਗ ਨਾਲ ਹੀ ਪ੍ਰਾਪਤ ਕੀਤਾ ਜਾਂ ਸਕਦਾ ਹੈ. ਮੇਰੀ ਆਪਣੀ ਕੋਸ਼ਿਸ਼ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ. ਪਰ ਇਸ ਤਰਾਂ ਨਹੀਂ ਹੁੰਦਾ. ਪਰ ਤੁਹਾਨੂੰ ਕਿਵੇਂ ਵਿਸ਼ਵਾਸ ਆਵੇ ਕੀ ਮਿਹਨਤ ਅਤੇ ਮਨ ਦੀ ਮਦਦ ਨਾਲ ਇੰਞ ਨਹੀਂ ਹੁੰਦਾ ? ਸਖ਼ਤ ਕੋਸ਼ਿਸ਼ ਕਰ ਕੇ, ਅਤੇ ਫਿਰ ਅਸਫਲ ਹੋ ਕੇ ਹੀ ਇਸ ਗੱਲ ਦਾ ਪਤਾ ਲੱਗਦਾ ਹੈ.

ਵੱਡੇ ਮਹਾਰਾਜ ਜੀ ਦਾ ਇਕ ਸ਼ਰਧਾਲੂ ਸੀ . ਉਹ ਭਾਰਤ ਵਿਚ ਇਕ ਪ੍ਰਦੇਸ਼ ਦੇ ਜੱਜ ਅਤੇ ਵਿੱਤ ਮੰਤਰੀ ਸਨ . ਉਹ ਬਹੁਤ ਪੜ੍ਹੇ ਲਿਖੇ ਤੇ ਸੁਝਵਾਨ ਸੱਜਣ ਸਨ. ਉਹ ਜਦੋਂ ਨੌਕਰੀ ਤੋਂ ਸੇਵਾ ਨਿਵਰਿਤ ਹੋਏ, ਤਾਂ ਵੱਡੇ ਮਹਾਰਾਜ ਜੀ ਕੋਲ ਆਏ ਅਤੇ ਕਿਹਾ, "ਮਹਾਰਾਜ ਜੀ , ਮੈਂ ਹੁਣ ਆਪਣੀ ਬਾਕੀ ਦੀ ਸਾਰੀ ਜ਼ਿੰਦਗੀ ਤੁਹਾਡੀ ਸੇਵਾ ਕਰਨੀ ਚਾਹੁੰਦਾ ਹਾਂ." ਵੱਡੇ ਮਹਾਰਾਜ ਜੀ ਨੇ ਕਿਹਾ, "ਤੁਸੀਂ ਬਹੁਤ ਪੜ੍ਹੇ-ਲਿਖੇ ਵਿਅਕਤੀ ਹੋ. ਤੁਸੀਂ ਸਰਕਾਰ ਵਿਚ ਇਕ ਬਹੁਤ ਉੱਚੀ ਪਦਵੀ ਤੇ ਰਹੇ ਹੋ. ਤੁਸੀਂ ਆਪਣੀ ਪਸੰਦ ਦਾ ਕੋਈ ਵੀ ਕੰਮ ਲੈ ਸਕਦੇ ਹੋ. ਤੁਸੀਂ ਇਸ ਸੰਸਥਾ ਦੇ ਸੈਕਟਰੀ ਜਨਰਲ ਬਣ ਸਕਦੇ ਹੋ. ਤੁਸੀਂ ਸਾਡੇ ਕਾਨੂੰਨੀ ਸਲਾਹਕਾਰ ਬਣ ਸਕਦੇ ਹੋ. ਤੁਸੀਂ ਬਹੁਤ ਕੁਝ ਹੋਰ ਹੋ ਸਕਦੇ ਹੋ, ਸਾਰੀਆਂ ਉੱਚੀਆਂ ਪਦਵੀਆਂ ਜੋ ਇਸ ਸੰਸਥਾ ਦੀ ਵਿਚ ਉਪਲਬਧ ਹਨ – ਤੁਸੀਂ ਜੋ ਕੁਝ ਚਾਹੋ, ਕਰ ਸਕਦੇ ਹੋ. ਉਹਨਾਂ ਕਿਹਾ," ਮੈਂ ਸਿਰਫ ਤੁਹਾਡਾ ਦਰਬਾਨ ਬਣਨਾ ਚਾਹੁੰਦਾ ਹਾਂ, ਤੁਹਾਡੇ ਦਰਵਾਜ਼ੇ ਦੇ ਬਾਹਰ ਖੜੇ ਰਹਿਣਾ ਚਾਹੁੰਦਾ ਹਾਂ. ਕੇਵਲ ਇਹ ਹੀ ਉਹ ਸੇਵਾ ਹੈ ਜੋ ਮੈਂ ਚਾਹੁੰਦਾ ਹਾਂ. ਵੱਡੇ ਮਹਾਰਾਜ ਜੀ ਨੇ ਕਿਹਾ," ਠੀਕ ਹੈ." ਉਹਨਾਂ ਦਾ ਨਾਂ ਦਰਿਆਈ ਲਾਲ ਸੀ ਅਤੇ ਉਹਨਾਂ ਨੇ ਕੁਝ ਬਹੁਤ ਵਧੀਆ ਕਿਤਾਬਾਂ ਵੀ ਲਿਖੀਆਂ.ਉਹ ਆਪਣੇ ਜੀਵਨ ਦੇ ਅੰਤ ਸਮੇਂ ਤਕ ਵੱਡੇ ਮਹਾਰਾਜ ਜੀ ਦੇ ਦਰਵਾਜੇ ਦੇ ਬਾਹਰ ਖੜੇ ਰਹੇ - ਉਹ ਹੁਣ ਗੁਜ਼ਰ ਚੁੱਕੇ ਹਨ. ਸੋ, ਦੀਵਾਨ ਦਰਿਆਈ ਲਾਲ ਨੇ ਇਕ ਦਿਨ ਵੱਡੇ ਮਹਾਰਾਜ ਜੀ ਨੂੰ ਕੁਝ ਸਾਲਾਂ ਦੀ ਸੇਵਾ ਦੇ ਬਾਅਦ ਕਿਹਾ, "ਮੈਂ ਇਸ ਸੇਵਾ ਦਾ ਆਨੰਦ ਮਾਣ ਰਿਹਾ ਹਾਂ-ਮੈਂ ਆਉਣ ਵਾਲੇ ਲੋਕਾਂ ਦੀਆਂ ਅੱਖਾਂ ਵਿਚ ਪਿਆਰ ਦੇਖਦਾ ਹਾਂ. ਉਹਨਾਂ ਨੂੰ ਦੇਖਣਾ ਇੱਕ ਪ੍ਰੇਰਨਾ ਦਾ ਸਰੋਤ ਹੈ. ਮੈਂ ਮੰਨਦਾ ਹਾਂ ਕਿ ਤੁਸੀਂ ਮੈਨੂੰ ਸਭ ਤੋਂ ਵਧੀਆ ਸੇਵਾ ਦਿੱਤੀ ਹੈ ਜਿਸ ਵਿਚ ਮੈਂ ਦੇਖਦਾ ਹਾਂ ਕੀ ਇਕ ਕਾਮਲ ਮੁਰਸ਼ਿਦ ਲਈ ਲੋਕਾਂ ਦੇ ਦਿਲਾਂ ਵਿਚ ਕਿੰਨਾ ਪਿਆਰ ਹੈ. ਪਰ ਹਜ਼ੂਰ, ਇੱਕ ਗੱਲ ਰਹਿ ਗਈ ਹੈ: ਮੈਂ ਬਹੁਤ ਦੇਰ ਤੋਂ ਸਹੀ ਢੰਗ ਨਾਲ ਸਿਮਰਨ/ਅਭਿਆਸ ਨਹੀਂ ਕਰ ਸਕਿਆ. ਮੈਂ ਉਸ ਹਦਾਇਤ ਦਾ ਪਾਲਣ ਨਹੀਂ ਕਰ ਸਕਿਆ. ਮੈਨੂੰ ਸਿਮਰਨ/ਅਭਿਆਸ ਕਰਨਾ ਚਾਹੀਦਾ ਹੈ. ਇਸ ਲਈ, ਮੈਨੂੰ ਇਨ੍ਹਾਂ ਗਰਮੀਆਂ ਵਿੱਚ ਸਿਮਰਨ/ਅਭਿਆਸ ਕਰਨ ਦਾ ਮੌਕਾ ਦੇਵੋ? ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਇਨ੍ਹਾਂ ਗਰਮੀਆਂ ਵਿਚ ਡਲਹੌਜ਼ੀ ਆਪਣੇ ਪਹਾੜੀ ਵਾਲੇ resort ਤੇ ਨਹੀਂ ਜਾ ਰਹੇ ਜਿਥੇ ਤੁਸੀਂ ਆਮ ਤੌਰ ਤੇ ਗਰਮੀਆਂ ਵਿੱਚ ਜਾਂਦੇ ਹੋ. ਕੀ ਤੁਸੀਂ ਮੈਨੂੰ ਆਪਣੇ ਘਰ ਦੀਆਂ ਚਾਬੀਆਂ ਦੇ ਦੇਵੋਗੇ? ਮੈਂ ਤੁਹਾਡੇ ਘਰ, ਜਿਥੇਂ ਤੁਹਾਡੀਆਂ ਯਾਦਾਂ ਜੁੜੀਆਂ ਹਨ ਵਿਚ ਤਿੰਨ ਮਹੀਨੇ ਲਈ ਲਗਾਤਾਰ ਸਿਮਰਨ/ਅਭਿਆਸ ਕਰਨਾਂ ਚਾਹੁੰਦਾ ਹਾਂ. ਇਨ੍ਹੇਂ ਸਾਲਾਂ ਤੋਂ ਜੋ ਸਿਮਰਨ/ਅਭਿਆਸ ਨਹੀਂ ਕਰ ਸਕਿਆ, ਹੁਣ ਉਹ ਪੂਰਾ ਕਰ ਲਵਾਂਗਾ. "

ਮਹਾਨ ਮਾਸਟਰ ਨੇ ਕਿਹਾ, "ਇਹ ਰਹੀਆਂ ਚਾਬੀਆਂ ... ਜਾਓ, ਅਨੰਦ ਮਾਣੋ." ਉਹ ਆਦਮੀ ਪਹਾੜਾਂ ਵਾਲੇ ਮਕਾਨ ਤੇ ਪਹੁੰਚਿਆ ਅਤੇ ਦਰਵਾਜ਼ਾ ਖੋਲ੍ਹਿਆ, ਉਹ ਭਰਿਆ ਹੋਇਆ ਸੀ - ਆਸ਼ਾ ਨਾਲ, ਜੋਸ਼ ਨਾਲ ਅਤੇ ਬੇਚੈਨੀ ਨਾਲ ... "ਹੁਣ, ਮੈਨੂੰ ਇੱਕ ਮੌਕਾ ਮਿਲਿਆ ਹੈ. ਮਹਾਨ ਮਾਸਟਰ ਦੇ ਘਰ ਨੂੰ ਵੇਖਣ ਦਾ. ਮੈਂ ਉਸ ਦੇ ਅੰਦਰ ਜਾਵਾਂਗਾ." ਜਿਵੇਂ ਹੀ ਉਸ ਨੇ ਦਰਵਾਜ਼ਾ ਖ੍ਹੋਲਿਆ, ਇੱਕ ਪਲੰਬਰ ਆ ਗਿਆ. ਉਹ ਕਹਿਣ ਲੱਗਾ, "ਮੈਂ ਕਿੰਨੀ ਦੇਰ ਤੋਂ ਕਿਸੇ ਦੇ ਆਉਣ ਦਾ ਇੰਤਜ਼ਾਰ ਕਰ ਰਿਹਾ ਸੀ ਕਿਉਂਕਿ ਅੰਦਰ ਕਰਨ ਵਾਲਾ ਬਹੁਤ ਕੰਮ ਹੈ." ਸੋ ਪਲੰਬਿੰਗ ਦਾ ਕੰਮ ਸ਼ੁਰੂ ਹੋ ਗਿਆ. ਖੜ-ਖੜ ਸ਼ੁਰੂ ਹੋ ਗਈ. ਦੋ, ਤਿੰਨ ਹੋਰ ਲੋਕ ਆਏ, "ਓ, ਤੁਸੀਂ ਆ ਗਏ ਹੋ, ਦੀਵਾਨ ਸਾਹਿਬ. ਅਸੀਂ ਸੱਚਮੁੱਚ ਤੁਹਾਨੂੰ ਮਿਲਣਾ ਚਾਹੁੰਦੇ ਸੀ. "ਉਸਨੇ

ਵੱਡੇ ਮਹਾਰਾਜ ਨੇ ਕਿਹਾ, "ਇਹ ਰਹੀਆਂ ਚਾਬੀਆਂ ... ਜਾਓ, ਅਨੰਦ ਮਾਣੋ, ਭਜਨ ਕਰੋ." ਉਹ ਆਦਮੀ ਪਹਾੜਾਂ ਵਾਲੇ ਮਕਾਨ ਤੇ ਪਹੁੰਚਿਆ ਅਤੇ ਦਰਵਾਜ਼ਾ ਖੋਲ੍ਹਿਆ, ਉਹ - ਆਸ਼ਾ ਨਾਲ, ਜੋਸ਼ ਨਾਲ ਅਤੇ ਬੇਚੈਨੀ ਨਾਲ ਭਰਿਆ ਹੋਇਆ ਸੀ ... "ਹੁਣ, ਮੈਨੂੰ ਮੌਕਾ ਮਿਲਿਆ ਹੈ. ਹੁਣ ਮੈਂ ਵੱਡੇ ਮਹਾਰਾਜ ਦਾ ਘਰ ਦੇਖਾਂਗਾ. ਮੈਂ ਉਸ ਦੇ ਅੰਦਰ ਜਾਵਾਂਗਾ." ਜਿਵੇਂ ਹੀ ਉਸ ਨੇ ਦਰਵਾਜ਼ਾ ਖ੍ਹੋਲਿਆ, ਇੱਕ ਮਿਸਤਰੀ (plumber) ਆ ਗਿਆ. ਉਹ ਕਹਿਣ ਲੱਗਾ, "ਮੈਂ ਕਿੰਨੀ ਦੇਰ ਤੋਂ ਕਿਸੇ ਦੇ ਆਉਣ ਦਾ ਇੰਤਜ਼ਾਰ ਕਰ ਰਿਹਾ ਸੀ ਕਿਉਂਕਿ ਅੰਦਰ ਬਹੁਤ ਕੰਮ ਹੋਣ ਵਾਲਾ ਹੈ." ਸੋ plumbing ਦਾ ਕੰਮ ਸ਼ੁਰੂ ਹੋ ਗਿਆ. ਖੜ-ਖੜ ਸ਼ੁਰੂ ਹੋ ਗਈ. ਦੋ, ਤਿੰਨ ਹੋਰ ਲੋਕ ਆਏ, "ਓ, ਤੁਸੀਂ ਆ ਗਏ ਹੋ, ਦੀਵਾਨ ਸਾਹਿਬ. ਅਸੀਂ ਸੱਚਮੁੱਚ ਤੁਹਾਨੂੰ ਮਿਲਣਾ ਚਾਹੁੰਦੇ ਸੀ. "ਉਸਨੇ ਵੱਡੇ ਮਹਾਰਾਜ ਦੇ ਘਰ ਵਿੱਚ ਸਿਮਰਨ/ਅਭਿਆਸ ਕਰਨ ਦੀ ਪੂਰੀ ਕੋਸ਼ਿਸ਼ ਕੀਤੀ. ਉਹ ਕਿਸੇ ਵੀ ਹੋਰ ਥਾਂ ਵਾਂਗ ਇਥੇ ਵੀ ਸਿਮਰਨ/ਅਭਿਆਸ ਨਹੀਂ ਕਰ ਪਾਇਆ. ਉਹ ਬਹੁਤ ਨਿਰਾਸ਼ ਹੋ ਗਿਆ ਅਤੇ ਵਾਪਸ ਵੱਡੇ ਮਹਾਰਾਜ ਕੋਲ ਗਿਆ, ਚਾਬੀਆਂ ਵਾਪਸ ਕੀਤੀਆਂ ਅਤੇ ਕਿਹਾ, "ਅਫਸੋਸ, ਹਜ਼ੂਰ, ਮੈਂ ਫੇਲ ਹੋ ਗਿਆ. ਮੈਂ ਅਸਫ਼ਲ ਹੋ ਗਿਆ ... ਮੈਂ ਸੋਚਿਆ ਕਿ ਮੈਂ ਸਿਮਰਨ/ਅਭਿਆਸ ਕਰ ਸਕਾਂਗਾ. ਮੈਂ ਪੂਰੀ ਤਰ੍ਹਾਂ ਫੇਲ ਹੋ ਗਿਆ. "ਵੱਡੇ ਮਹਾਰਾਜ ਹੱਸੇ ਅਤੇ ਕਿਹਾ," ਨਹੀਂ, ਦੀਵਾਨ ਸਾਹਿਬ, ਤੁਸੀਂ ਪਾਸ ਹੋ ਗਏ, ਪਾਸ. ਇਹ ਸਾਰਾ ਕੁਝ ਤੁਹਾਨੂੰ ਇਹ ਦੱਸਣ ਕਰਕੇ ਵਾਪਰਿਆ ਕਿ ਤੁਹਾਡੀ ਕੀਤੀ ਕੋਸ਼ਿਸ਼ ਤੁਹਾਨੂੰ ਕੁਝ ਵੀ ਨਹੀਂ ਦੇ ਸਕਦੀ. ਤੁਹਾਨੂੰ ਇਸ ਦਾ ਪਤਾ ਹੀ ਨਹੀਂ ਸੀ ਲੱਗਣਾ ਜਿਨ੍ਹਾਂ ਚਿਰ ਤੁਸੀਂ ਇਸ ਬਾਰੇ ਕੋਸ਼ਿਸ਼ ਕਰਕੇ ਨਾ ਦੇਖਦੇ . "

ਹੁਣ, ਇਸਦਾ ਸਿੱਟਾ ਇਹ ਹੈ ਕਿ ਇਹ ਕੋਸ਼ਿਸ਼ ਦੀ ਰਾਹ ਨਹੀਂ. ਕੋਸ਼ਿਸ਼ ਤੁਹਾਨੂੰ ਇਸ ਸੰਸਾਰ ਵਿਚ ਹੋਰ ਥਾਵਾਂ ਤੇ ਬਹੁਤ ਸਾਰੀਆਂ ਚੀਜਾਂ ਦੇ ਸਕਦੀ ਹੈ, ਜ਼ਿਆਦਾਤਰ ਸਥੂਲ ਸੰਸਾਰ ਵਿਚ. ਪਰ ਕੋਸ਼ਿਸ਼ ਤੁਹਾਨੂੰ ਵਾਪਸ ਸੱਚਖੰਡ ਨਹੀਂ ਲੈ ਜਾ ਸਕਦੀ ਅਤੇ ਇਸ ਲਈ ਇਹ ਤੁਹਾਡੇ ਅੰਦਰ ਦੇ ਪ੍ਰੇਮ ਅਤੇ ਗੁਰਭਕਤੀ ਦਾ ਰਸਤਾ ਹੈ, ਅਤੇ ਇਹ ਕੋਈ ਅਜਿਹੀ ਚੀਜ਼ ਨਹੀਂ ਜੋ ਤੁਹਾਨੂੰ ਆਪਣੀ ਮਾਨਸਿਕ ਕੋਸ਼ਿਸ਼ ਦੁਆਰਾ ਜਾਂ ਆਪਣੀ ਮਾਨਸਿਕ ਇੱਛਾ ਦੁਆਰਾ ਮਿਲ ਸਕੇ. ਇਹ ਉਸ ਕਿਸਮ ਦਾ ਯੋਗ ਨਹੀਂ.

ਬਹੁਤ ਸਾਰੇ ਯੋਗ ਹਨ ਜੋ ਕਿ ਇਸ ਸਿਧਾਂਤ ਤੇ ਆਧਾਰਿਤ ਹਨ. ਜਿਵੇਂ ਹੱਠ ਯੋਗ. ਹੱਠ ਦਾ ਮਤਲਬ ਹੈ ਜ਼ਿੱਦ. ਹੱਠ ਯੋਗ ਦਾ ਮਤਲਬ ਹੈ, "ਕੁਝ ਵੀ ਹੋਵੇ ਮੈਂ ਇਸ ਨੂੰ ਹਾਸਿਲ ਕਰ ਕੇ ਰਹਾਂਗਾ. ਮੈਂ ਸਿਮਰਨ/ਅਭਿਆਸ ਵਿੱਚ ਬੈਠਾਂਗਾ, ਭਾਵੇਂ ਮੈਂ ਮਰ ਜਾਵਾਂ. ਮੈਂ ਇਸ ਨੂੰ ਪ੍ਰਾਪਤ ਕਰਨਾ ਹੀ ਹੈ ..." ਇੱਦਾਂ ਕਿਸੇ ਨੂੰ ਕੁਝ ਨਹੀਂ ਮਿਲਦਾ. ਤੁਸੀਂ ਵੀ ਕੋਸ਼ਿਸ਼ ਕਰ ਸਕਦੇ ਹੋ; ਕੋਈ ਵੀ ਕੋਸ਼ਿਸ਼ ਕਰ ਸਕਦਾ ਹੈ. ਹੱਠ ਯੋਗ ਨੇ ਕਦੇ ਵੀ ਕਿਸੇ ਨੂੰ ਸੱਚੇ ਘਰ ਸੱਚਖੰਡ ਨਹੀਂ ਪਹੁੰਚਾਇਆ.

ਤੁਸੀਂ ਮਨ ਤੋਂ ਪਰੇ ਕਿਸ ਤਰ੍ਹਾਂ ਜਾ ਸਕਦੇ ਹੋ ਸਿਵਾਏ ਉਸ ਨਾਲ ਜੋ ਖੁਦ ਮਨ ਦੇ ਪਰੇ ਹੈ, ਕੁਝ ਅਜਿਹਾ ਹੈ , ਜੋ ਦੇਸ਼ ਕਾਲ (space time ) ਨਾਲ ਅਤੇ ਇੱਥੇ ਦੀਆਂ ਚੀਜ਼ਾਂ ਨਾਲ ਸਬੰਧਤ ਨਹੀਂ ਹੈ. ਅਸੀਂ ਇੱਥੇ ਕਰਮਾਂ ਅਤੇ ਫਲਾਂ ਦੇ ਨਿਯਮਾਂ ਵਿਚ ਫਸ ਜਾਂਦੇ ਹਾਂ. ਇੱਥੇ ਆਪਣੇ ਕਰਮਾਂ ਕਰਕੇ ਹਰ ਸਮੇਂ ਪਰੇਸ਼ਾਨ ਰਹਿੰਦੇ ਹਾਂ. ਅਸੀਂ ਪਰੇਸ਼ਾਨ ਹੋ ਜਾਂਦੇ ਹਾਂ: ਕੀ ਇਹ ਚੰਗਾ ਹੈ, ਕੀ ਇਹ ਬੁਰਾ ਹੈ, ਕੀ ਮੈਨੂੰ ਦੁੱਖ ਝੱਲਣਾ ਪਵੇਗਾ, ਕੀ ਮੈਨੂੰ ਚੰਗਾ ਫਲ ਮਿਲਣ ਜਾ ਰਿਹਾ ਹੈ? ਇਸ ਨਿਯਮ ਵਿਚ ਅਸੀਂ ਚੌਵੀ ਘੰਟੇ ਪਰੇਸ਼ਾਨ ਰਹਿੰਦੇ ਹਾਂ. ਅਸੀਂ ਆਪਣੇ ਸੱਚੇ ਘਰ ਸੱਚਖੰਡ ਜਾ ਰਹੇ ਹਾਂ ਜਿੱਥੇ ਇਹ ਨਿਯਮ ਲਾਗੂ ਨਹੀਂ ਹੁੰਦੇ. ਸਾਰੇ ਕਰਮ ਜਿਨ੍ਹਾਂ ਬਾਰੇ ਅਸੀਂ ਗੱਲ ਕਰਦੇ ਹਾਂ, ਜੋ ਸਾਨੂੰ ਇਥੇ ਜਕੜੀ ਬੈਠੇ ਹਨ ਅਤੇ ਲਗਾਤਾਰ ਸਾਡੀ ਸੁਰਤ ਜਾਂ ਤਵੱਜੋ ਨੂੰ ਆਪਣੇ ਵੱਲ ਖਿੱਚ ਕੇ ਰੱਖਦੇ ਹਨ, ਇਹ ਸਭ ਮਨ ਕਰਕੇ ਹਨ. ਆਤਮਾ ਉੱਤੇ ਕਰਮਾਂ ਦਾ ਕੋਈ ਅਸਰ ਨਹੀਂ ਹੁੰਦਾ. ਕਦੇ ਵੀ ਨਹੀਂ.
ਆਤਮਾ ਤੇ ਕਦੀ ਵੀ ਕਰਮਾਂ ਦਾ ਅਸਰ ਨਹੀਂ ਹੋਇਆ, ਨਾ ਹੀ ਹੋਵੇਗਾ. ਇਹ ਸ਼ੁੱਧ ਚੇਤਨਾ ਹੈ. ਇਸਦਾ ਦੇਸ਼ ਕਾਲ(space time ) ਅਤੇ ਸਿਰਜੀਆਂ ਹੋਈਆਂ ਘਟਨਾਵਾਂ ਨਾਲ ਕੋਈ ਲੈਣਾ-ਦੇਣਾ ਨਹੀਂ. ਇਹ ਸਭ ਕੁਝ ਮਨ ਨੇ ਬਣਾਇਆ ਹੈ ਤਾਂ ਕੀ ਇਹ ਮਨ ਦੁਆਰਾ ਅਨੁਭਵ ਕੀਤੇ ਜਾ ਸਕਣ. ਮਨ ਤੋਂ ਉੱਪਰ ਜਾਣ ਤੋਂ ਬਾਅਦ ਇਹ ਪੂਰੀ ਤਰ੍ਹਾਂ ਗਾਇਬ ਹੋ ਜਾਂਦੇ ਹਨ.

ਫਿਰ ਵੀ ਅਸੀਂ ਇੱਥੇ ਇਹਨਾਂ ਚੀਜ਼ਾਂ ਵਿੱਚ ਫਸੇ ਹੋਏ ਹਾਂ. ਹੁਣ ਇਨ੍ਹਾਂ ਤੋਂ ਕਿਵੇਂ ਬਾਹਰ ਆਈਏ? ਜਦੋਂ ਪੂਰੀ ਪ੍ਰਣਾਲੀ ਮਾਨਸਿਕ ਕਰਮਾਂ ਤੇ ਅਧਾਰਤ ਹੋਵੇ ਤਾਂ ਕੋਈ ਵੀ ਸਿਧਾਂਤ ਮਨ ਤੋਂ ਪਰੇ ਕਿਵੇਂ ਲਿਜਾ ਸਕਦਾ ਹੈ? ਇਸ ਦਾ ਇਹ ਮਤਲਬ ਨਹੀਂ ਹੈ ਕਿ ਤੁਹਾਨੂੰ ਕਿਸੇ ਖਾਸ ਕਿਸਮ ਦਾ ਯੋਗ ਕਰਨਾ ਪਵੇਗਾ. ਇਹ ਸਾਰੇ ਯੋਗ ਇੱਕ ਸ਼ਬਦ ਦੇ ਦੁਹਰਾਉਣ ਨਾਲ ਜਾਂ ਫਿਰ ਸਰੀਰ ਦੀਆਂ ਵੱਖੋ-ਵੱਖਰੀਆਂ ਮੁਦਰਾਂ ਜਾਂ ਵੱਖ-ਵੱਖ ਤਰ੍ਹਾਂ ਦੇ ਸਵਾਸ ਲੈਣ ਦੇ ਤਰੀਕੇ ਨਾਲ ਸਬੰਧਿਤ ਹੈ. ਇਹ ਸਾਰੀਆਂ ਸਥੂਲ ਜਾਂ ਮਾਨਸਿਕ ਚੀਜ਼ਾਂ ਹਨ. ਪੂਰਾ ਸਿਸਟਮ ਮਨ ਦੀਆਂ ਚੀਜਾਂ ਤੇ ਅਧਾਰਿਤ ਹੈ, ਅਤੇ ਅਸੀਂ ਇਸ ਤੋਂ ਪਰੇ ਸੱਚਖੰਡ ਨੂੰ ਜਾਣ ਬਾਰੇ ਗੱਲ ਕਰ ਰਹੇ ਹਾਂ.

ਬੇਸ਼ਕ, ਤੁਸੀਂ ਯੋਗ ਦੀਆਂ ਇਨ੍ਹਾਂ ਪ੍ਰਣਾਲੀਆਂ ਦੇ ਨਾਲ ਵੀ ਕਾਫ਼ੀ ਕੁਝ ਪ੍ਰਾਪਤ ਕਰ ਸਕਦੇ ਹੋ. ਜੇ ਤੁਹਾਡੀ ਇੱਛਾ ਸਿਰਫ ਉਹਨਾਂ ਲਈ ਹੈ - ਤੁਸੀਂ ਤੰਦਰੁਸਤ ਹੋਣਾ ਚਾਹੁੰਦੇ ਹੋ? ਕੁਝ ਚੰਗੀ ਸਾਹ ਲੈਣ ਦੀ ਕਸਰਤ ਕਰੋ. ਉਸਨੂੰ ਨੂੰ ਯੋਗ ਆਖੋ ਜਾਂ ਕਸਰਤ ਪਰ ਇਸ ਨਾਲ ਤੁਸੀਂ ਸਿਹਤਮੰਦ ਰਹੋ ਗੇ. ਤੁਸੀਂ ਤੰਦਰੁਸਤ ਰਹਿਣਾ ਚਾਹੁੰਦੇ ਹੋ? ਤੁਹਾਨੂੰ ਸ਼ਾਕਾਹਾਰੀ ਆਹਾਰ ਜਾਂ ਚੌਲ ਵਾਲੀ ਖੁਰਾਕ ਜਾਂ ਇਹ ਗਲੂਟਨ ਫ੍ਰੀ ਖ਼ੁਰਾਕ ਜਾਂ ਇਹ ਖੁਰਾਕ ਜਾਂ ਉਹ ਖੁਰਾਕ, ਖਾਣ ਦੀ ਲੋੜ ਨਹੀਂ, ਕੇਵਲ ਘੱਟ ਖਾਓ, ਤੁਸੀਂ ਸਿਹਤਮੰਦ ਰਹੋਗੇ. ਜੋ ਤੁਸੀਂ ਹੁਣ ਖਾਂਦੇ ਹੋ ਉਸਦਾ ਇਕ-ਤਿਹਾਈ ਹਿਸਾ ਖਾਣਾਂ ਸ਼ੁਰੂ ਕਰ ਦਿਓ, ਤੁਸੀਂ ਤੰਦਰੁਸਤ ਰਹੋਗੇ.

ਇੱਕ ਨਵੀਨਤਮ ਖੋਜ ਬਾਰੇ ਜਾਣਕੇ ਮੈਂ ਪ੍ਰਸਨ ਹੋਇਆ, ਉਹ ਹੈ ਕਿ ਸਰੀਰ ਵਿੱਚ ਸੈਲੂਲਰ ਅੰਤਰ -ਸੰਚਾਰ ( cellular intercommunication ) ਤੁਰੰਤ ਹੋ ਜਾਂਦਾ ਹੈ ਅਤੇ ਸੈੱਲ ਦਿਮਾਗੀ ਪ੍ਰਣਾਲੀ(nervous system ) ਜਰਿਏ ਤੁਰੰਤ ਸੰਚਾਰ(communicate ) ਕਰ ਸਕਦੇ ਹਨ, ਪਰ ਪੇਟ ਨੂੰ ਦਿਮਾਗ ਤਕ ਇਹ ਦੱਸਣ ਲਈ ਪੂਰੇ ਵੀਹ ਮਿੰਟ ਲਗਦੇ ਹਨ ਕਿ "ਮੈਂ ਪੂਰਾ ਭਰ ਗਿਆ"! ਇਹ ਇੱਕ ਚੰਗੀ ਜਾਣਕਾਰੀ ਹੈ ਕਿ ਭੋਜਨ ਖਾਂਦੇ ਹੋਏ ਅਸੀਂ ਸੋਚਦੇ ਹਾਂ ਕਿ ਹੋਰ ਖਾ ਸਕਦੇ ਹਾਂ ਪਰ ਅਸਲ ਵਿਚ ਸਾਡਾ ਪੇਟ ਪੂਰਾ ਭਰ ਗਿਆ ਹੁੰਦਾ ਹੈ ਤੇ ਉਹ ਕਹਿ ਰਿਹਾ ਹੁੰਦਾ ਹੈ ਕਿ, "ਮੈਂ ਪੂਰੀ ਤਰ੍ਹਾਂ ਭਰ ਚੁੱਕਾ ਹਾਂ, ਮੈਂ ਭਰ ਗਿਆ ਹਾਂ!" ਇਹ ਸੁਨੇਹਾ ਹਾਲੇ ਦਿਮਾਗ ਤਕ ਨਹੀਂ ਪਹੁੰਚਿਆ ਹੁੰਦਾ. ਉਹਨਾਂ ਵੀਹ ਕੁ ਮਿੰਟਾਂ ਲਈ ਅਸੀਂ ਜ਼ਿਆਦਾ ਖਾ ਲੈਂਦੇ ਹਾਂ, ਅਤੇ ਇਸੇ ਕਰਕੇ ਅਸੀਂ ਮੋਟੇ ਹੋ ਜਾਂਦੇ ਹਾਂ. ਅਸੀਂ ਜਰੂਰਤ ਤੋਂ ਜ਼ਿਆਦਾ ਖਾਂਦੇ ਹਾਂ; ਅਸੀਂ ਤੰਦਰੁਸਤ ਨਹੀਂ ਹੁੰਦੇ ਹਾਂ. ਸਧਾਰਣ ਤਰੀਕਾ: ਘੱਟ ਖਾਉ. ਜਿਨ੍ਹਾਂ ਅਸੀਂ ਖਾਂਦੇ ਹਾਂ ਉਸ ਨਾਲੋਂ ਬਹੁਤ ਘੱਟ ਖਾਉ, ਅਸੀਂ ਸਿਹਤਮੰਦ ਰਹਾਂਗੇ. ਤੁਸੀਂ ਇਸ ਦੀ ਜਾਂਚ ਕਰ ਸਕਦੇ ਹੋ, ਇਸ ਨੂੰ ਅਜ਼ਮਾਓ.

ਪਰ ਇਹ ਸਾਡੇ ਸੱਚੇ ਘਰ ਵਿੱਚ ਜਾਣ ਦੇ ਤਰੀਕੇ ਨਹੀਂ ਹਨ. ਇਹ ਤਰੀਕੇ ਹੋਰ ਚੀਜ਼ਾਂ ਲਈ ਚੰਗੇ ਹਨ. ਮੰਨ ਲਉ ਕੋਈ ਸੂਕਸ਼ਮ ਮੰਡਲ ਦੇਖਣਾ ਚਾਹੁੰਦਾ ਹੈ ਅਤੇ ਹੈ ਅਤੇ ਕਹਿੰਦਾ ਹੈ, "ਉਹ ਮੇਰੀ ਆਤਮਾ ਉੱਡ ਰਹੀ ਹੈ". ਸੱਚ ਇਹ ਹੈ ਕੀ ਆਤਮਾ ਕਦੇ ਵੀ ਨਹੀਂ ਉਡਦੀ. ਆਤਮਾ ਚੇਤਨਾ ਦੀ ਸ਼ਕਤੀ ਹੈ – ਉਡਾਨ ਲਈ ਕਾਲ-ਅੰਤਰਾਲ(time and space) ਦੀ ਲੋੜ ਹੁੰਦੀ ਹੈ. ਇਸ ਲਈ, ਆਤਮਾ ਉੱਡ ਨਹੀਂ ਸਕਦੀ. ਆਤਮਾ ਇਸ ਦਾ ਅਨੁਭਵ ਕਰ ਸਕਦੀ ਹੈ ਉੱਡ ਨਹੀਂ ਸਕਦੀ - ਸਾਨੂੰ ਉੱਡਣ ਲਈ ਕੁਝ ਚਾਹੀਦਾ ਹੈ. ਤੁਸੀਂ ਸਥੂਲ ਸਰੀਰ ਨਾਲ ਉੱਡ ਸਕਦੇ ਹੋ ... ਕਿਸੇ ਨੇ ਮੈਨੂੰ ਪੁੱਛਿਆ, "ਕੀ ਤੁਸੀਂ ਉੱਡ ਸਕਦੇ ਹੋ?" ਮੈਂ ਕਿਹਾ, "ਹਾਂ! ਜਾਓ ਅਤੇ ਇਕ united airlines ਦੀ ਟਿਕਟ ਖਰੀਦੋ." ਉਡਣਾ ਮੁਸ਼ਕਲ ਨਹੀਂ ਹੈ; ਇਹ ਅੱਜਕਲ ਆਸਾਨ ਹੋ ਗਿਆ ਹੈ. ਸਾਡਾ ਅੰਦਰੂਨੀ ਆਪਾ ਜਾਂ self ਇੱਕ ਸੂਕਸ਼ਮ ਸ਼ਰੀਰ ਦਾ ਇਸਤੇਮਾਲ ਕਰਦੇ ਹੋਏ ਉੱਡ ਸਕਦਾ ਹੈ. ਇਸ ਤੋਂ ਪਰੇ ਆਪਣੇ ਮਨ ਵਿਚ ਜਾਣ ਨੂੰ, ਆਪਣੇ ਸੰਪੂਰਨ ਮਨ ਵਿਚ ਜਾਣ ਨੂੰ, ਅਤੇ ਕੀਤੇ ਵੀ ਜਾਣ ਨੂੰ ਵੀ ਇੱਕ ਉਡਾਨ ਕਿਹਾ ਜਾਂ ਸਕਦਾ ਹੈ. ਪਰ ਤੁਸੀਂ ਸੱਚਖੰਡ, ਸਾਡੇ ਸੱਚੇ ਘਰ ਵਿਚ ਉੱਡ ਨਹੀਂ ਸਕਦੇ. ਇਹ ਉਡਾਨ ਨਹੀਂ ਹੈ ਜਿਸ ਨੂੰ ਅਸੀਂ ਇਥੇ ਜਾਣਦੇ ਹਾਂ. ਰੂਹਾਨੀ ਤਜਰਬਿਆਂ ਲਈ ਅਸੀਂ ਜੋ ਵੀ ਸ਼ਬਦਾਵਲੀ ਦੀ ਵਰਤੋਂ ਕਰਦੇ ਹਾਂ ਉਹ ਸਾਡੇ ਸੱਚੇ ਘਰ ਤੇ ਲਾਗੂ ਨਹੀਂ ਹੁੰਦੀ

ਇਸਦੇ ਬਾਰੇ ਜਿਕਰ ਕਰਨ ਲਈ ਕੋਈ ਸ਼ਬਦ ਨਹੀਂ ਹਨ. ਅਸੀਂ ਉਨ੍ਹਾਂ ਚੀਜਾਂ ਬਾਰੇ ਦੱਸਣਾ ਚਾਹੁੰਦੇ ਹਾਂ ਜੋ ਅਸਲ ਵਿੱਚ ਸਾਡੀ ਹੋਂਦ ਦੀਆਂ ਅਵਸਥਾਵਾਂ ਹਨ. ਉਡਣਾ, ਕੁਝ ਕਰਨਾਂ, ਸਾਡੇ ਨਾਲ ਕੁਝ ਵਾਪਰਨਾ, ਕੋਈ ਤਜਰਬਾ ਜਾਂ ਅਨੁਭਵ ਵੀ ਇਨਾਂ ਹੋਂਦ ਦੀਆਂ ਅਵਸਥਾਵਾਂ ਵਿਚ ਨਹੀਂ ਆਉਂਦਾ. ਤੁਸੀਂ ਸੱਚਖੰਡ ਵਿਚ ਰਹਿਣ ਨੂੰ ਵੀ ਅਨੁਭਵ ਨਹੀਂ ਕਹਿ ਸਕਦੇ ਕਿਓਂ ਕੀ ਅਨੁਭਵ ਨੂੰ ਵੀ ਸਮਾਂ ਲਗਦਾ ਹੈ. ਇਸ ਲਈ, ਇਸਦੇ ਲਈ ਕੋਈ ਸ਼ਬਦ ਨਹੀਂ ਹੈ. ਪਰ ਇਹ ਸਾਡਾ ਸੱਚਾ ਘਰ ਹੈ. ਹਰ ਚੀਜ ਉਥੋਂ ਉਤਪੰਨ ਹੋ ਰਹੀ ਹੈ. ਉਸ ਸੰਭਾਵਨਾ ਬਾਰੇ ਸੋਚੋ ਜਦੋਂ ਅਸੀਂ ਇੱਥੇ ਆਪਣੇ ਸਥੂਲ ਸਰੀਰ ਵਿਚ ਹੁੰਦੇ ਹੋਏ ਸੱਚਖੰਡ ਵਿਚ ਨਿਵਾਸ ਕਰ ਸਕਦੇ ਹਾਂ . ਇਸ ਅਵਸਥਾ ਦਾ ਮੌਕਾ ਜੀਵਨ ਦੇ ਕਿਸੇ ਹੋਰ ਰੂਪ ਲਈ ਸੰਭਵ ਨਹੀਂ ਹੈ, ਅਤੇ ਇਹ ਹੈਰਾਨੀਜਨਕ ਹੈ, ਕਿਉਂਕਿ ਜੀਵਨ ਦੇ ਬਹੁਤ ਸਾਰੇ ਰੂਪ ਹਨ. ਸਾਡੇ ਭਾਰਤੀ ਗ੍ਰੰਥਾਂ ਅਨੁਸਾਰ, ਉਹ ਕਹਿੰਦੇ ਹਨ ਕਿ ਚੌਰਾਸੀ ਲੱਖ, ਪ੍ਰਕਾਰ ਦੇ ਜੀਵ ਇਸ ਬ੍ਰਹਿਮੰਡ ਵਿਚ ਮੌਜੂਦ ਹਨ. ਜਦ ਉਹ ਬ੍ਰਹਿਮੰਡ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਵਿੱਚ astro physical overlap ਵੀ ਸ਼ਾਮਲ ਹੁੰਦੇ ਹਨ. astro physical overlap ਕੀ ਹੈ? ਇਸਦਾ ਅਰਥ ਹੈ ਕਿ ਜਦੋਂ ਅਸੀਂ ਮਰ ਜਾਂਦੇ ਹਾਂ ਅਤੇ ਸਾਡਾ ਬਗੈਰ ਸਰੀਰ ਦਾ ਆਪਾ ਜਾ self, ਜਿਸਦਾ ਅਰਥ ਹੈ ਸੂਕਸ਼ਮ ਸਰੂਪ, ਅਜੇ ਵੀ ਇਥੇ ਇਸ ਦੁਨੀਆਂ ਵਿਚ ਰਹਿੰਦਾ ਹੈ. ਉਹ ਉਸੇ ਰੂਪ ਵਿੱਚ ਇਥੇ ਰਹਿ ਸਕਦਾ ਹੈ ਜਾਂ ਇਸ ਤੋਂ ਉੱਪਰ ਉੱਠ ਕੇ ਇੱਕ ਸ਼ੁੱਧ ਸੂਕਸ਼ਮ ਸਰੂਪ ਵਿਚ ਜਾ ਸਕਦਾ ਹੈ. ਅਸੀਂ ਇਸ ਨੂੰ ਸੂਕਸ਼ਮ ਸਰੂਪ ਕਿਉਂ ਕਹਿੰਦੇ ਹਾਂ? ਕਿਉਂਕਿ ਸੂਕਸ਼ਮ ਸ਼ਬਦ

" ਅਕਾਸ਼ ਵਿਚ ਕਿਸੇ ਚੀਜ ਦੇ ਹੋਣ"  ਦਾ ਸੰਕੇਤ ਕਰਦਾ ਹੈ. ਕਿਓਂ ਕਿ ਇਹ ਸਰੀਰ ਆਸਾਨੀ ਨਾਲ ਉਡਦਾ ਹੈ, ਇਸ ਉੱਪਰ ਕੋਈ ਗੁਰੁਤਵਾਕਰਸ਼ਨ(gravity ) ਨਹੀਂ ਹੁੰਦੀ, ਇਸ ਲਈ ਅਸੀਂ ਇਸਨੂੰ ਸੁਕ੍ਸ਼੍ਮ ਸ਼ਰੀਰ ਦਾ ਨਾਂ ਦਿੱਤਾ ਗਿਆ ਹੈ, ਅਤੇ ਇਹ ਸਾਰੇ ਅਨੁਭਵ ਸੁਕ੍ਸ਼੍ਮ ਅਨੁਭਵ ਕਹਿਲਾਂਦੇ ਹਨ.

ਇਸ ਲਈ,  ਸੁਕ੍ਸ਼੍ਮ ਅਵਸਥਾ ਦਾ ਅਨੁਭਵ ਇਸ ਸਥੂਲ ਮੰਡਲ ਅਤੇ ਇਸਤੋਂ ਅਪਰ ਸ਼ੁੱਧ ਸੁਕ੍ਸ਼੍ਮ ਮੰਡਲ, ਇਨਾ ਦੋਹਾਂ ਵਿਚ ਕੀਤਾ ਜਾ ਸਕਦਾ ਹੈ. ਅਤੇ ਤੁਸੀਂ ਭੂਤ ਜਾਂ ਪ੍ਰੇਤ ਬਣਕੇ ਵੀ  ਇਸ ਸੰਸਾਰ ਦਾ ਅਨੁਭਵ ਕਰ ਸਕਦੇ ਹੋ. ਤੁਸੀਂ ਸਿਮਰਨ/ਅਭਿਆਸ ਕਰਕੇ, ਇਸ ਸਰੀਰ ਨੂੰ ਪਿੱਛੇ ਛੱਡ ਕੇ ਬਾਹਰ ਨਿਕਲ ਕੇ ਇੱਧਰ-ਉੱਧਰ ਜਾਕੇ ਇਸ ਸੰਸਾਰ ਦਾ ਅਨੁਭਵ ਕਰ ਸਕਦੇ ਹੋ.

ਜੇ ਤੁਸੀਂ ਹੋਰ ਉੱਚੀ ਪੱਧਰ ਤੇ ਪਹੁੰਚਦੇ ਹੋ, ਤਾਂ ਤੁਸੀਂ ਇਸ ਦੁਨੀਆਂ ਤੋਂ ਬਾਹਰ ਦੇ ਸੰਸਾਰ ਦਾ ਅਨੁਭਵ ਪ੍ਰਾਪਤ ਕਰ ਸਕਦੇ ਹੋ. ਉਹ ਦੋਵੇਂ ਸਕੁਸ਼ਾਮ ਸੰਸਾਰ ਦਾ ਹਿੱਸਾ ਹਨ. ਕਿਓਂ ਕਿ ਸੁਕ੍ਸ਼੍ਮ ਅਵਸਥਾ ਦਾ ਅਨੁਭਵ ਇਸ ਸਥੂਲ ਮੰਡਲ ਅਤੇ ਇਸਤੋਂ ਅਪਰ ਸ਼ੁੱਧ ਸੁਕ੍ਸ਼੍ਮ ਮੰਡਲ, ਇਨਾ ਦੋਹਾਂ ਵਿਚ ਕੀਤਾ ਜਾ ਸਕਦਾ ਹੈ ਇਸ ਲਈ ਹੀ ਭੂਤਾਂ/ਪ੍ਰੇਤਾਂ ਨਾਲ ਸਾਡਾ ਵਾਹ ਪੈਂਦਾ ਹੈ, ਲੋਕ ਕਹਿੰਦੇ ਹਨ ਕਿ ਸਾਡੇ ਘਰ ਭੂਤ ਰਹਿੰਦੇ ਹਨ. ਉਹ ਕਹਿੰਦੇ ਹਨ ਕਿ ਗ਼ੈਬੀ ਚੀਜਾਂ ਰਾਤ ਨੂੰ ਸਾਡੇ ਕੋਲ ਆਉਂਦੀਆਂ ਹਨ. ਗੱਲਾਂ ਹੁੰਦੀਆਂ ਹਨ ਕਿ ਉਹ ਮਰ ਗਿਆ ਪਰ ਉਸਦਾ ਭੂਤ ਇਥੇ ਹੈ. ਬੇਸ਼ਕ, ਉਹ ਗੈਬੀ ਚੀਜਾਂ ਹਨ. ਉਹ ਸਾਨੂੰ ਦੇਖ ਸਕਦੀਆਂ ਹਨ, ਕਿਉਂਕਿ ਉਨ੍ਹਾਂ ਦੇ ਕੋਲ ਉਹ ਸਾਰੀਆਂ ਗਿਆਨ ਇੰਦਰੀਆਂ ( sense  perceptions ) ਹੁੰਦੀਆਂ ਹਨ ਜੋ ਸਾਡੇ ਕੋਲ ਇਸ ਸਥੂਲ ਸ਼ਰੀਰ ਵਿਚ ਹਨ, ਬਲਕਿ ਸਾਡੇ ਨਾਲੋਂ ਵੀ ਵਧੀਆਂ. ਅਸੀਂ ਉਨ੍ਹਾਂ ਨੂੰ ਨਹੀਂ ਵੇਖ ਸਕਦੇ, ਕਿਉਂਕਿ ਸਥੂਲ ਅੱਖਾਂ ਨੇ ਸਾਡੀਆਂ ਇਹਨਾਂ ਅੱਖਾਂ ਨੂੰ ਢਕਿਆ ਹੋਇਆ ਹੈ. ਇਹ ਸਥੂਲ ਅੱਖਾਂ ਸਾਡੀ ਨਜ਼ਰ ਵਿਚ ਰੁਕਾਵਟ ਪੈਦਾ ਕਰਦਿਆਂ ਹਨ ਅਤੇ ਸਥੂਲ ਤੋਂ ਬਗੈਰ ਹੋਰ ਕੁਝ ਵੀ ਦਿਖਨ ਨਹੀਂ ਦੇਂਦੀਆਂ. ਅੱਖਾਂ ਇੱਕੋ ਹੀ ਹਨ . ਜਦ ਅਸੀਂ ਅੱਖਾਂ ਨਾਲ ਬਾਹਰ ਦੇਖਦੇ ਹਾਂ, ਤਾਂ ਅਸੀਂ ਸਥੂਲ ਅੱਖਾਂ ਨਾਲ ਨਹੀਂ ਦੇਖਦੇ.  ਅਸੀਂ ਸੁਖਸ਼ਮ ਅੱਖਾਂ ਤੋਂ  ਸਥੂਲ ਸ਼ਰੀਰ ਰਾਹੀਂ , ਅਤੇ ਫਿਰ ਸਥੂਲ ਅੱਖਾਂ ਰਾਹੀਂ ਦੇਖ ਰਹੇ ਹੁੰਦੇ ਹਾਂ. ਇਸ ਲਈ ਅਸੀਂ ਆਪਣੇ ਦੇਖਣ ਵਿਚ ਰੁਕਾਵਟ ਪਾ ਰਹੇ ਹਾਂ. ਇਹ ਅੱਖਾਂ ਨੂੰ lens ਨਾਲ  ਢੱਕਣ ਵਾਂਗ ਹੈ ਅਤੇ ਤੁਸੀਂ ਉਹ ਹੀ ਦੇਖ ਸਕਦੇ ਹੋ ਜੋ ਲੈਂਸ ਵਿਚੋਂ ਪਾਰ ਹੋਵੇਗਾ. ਜੇ ਤੁਸੀਂ ਆਪਣੀਆਂ ਅੱਖਾਂ ਨੂੰ ਹਰੇ ਰੰਗ ਦੇ ਲੈਂਸ ਨਾਲ ਢੱਕਦੇ ਹੋ ਤਾਂ ਸਭ ਹਰਾ ਨਜ਼ਰ ਆਉਂਦਾ ਹੈ. ਇਸ ਕਰਕੇ ਅਸੀਂ ਸਿਰਫ ਉਹ ਹੀ ਦੇਖ ਸਕਦੇ ਹਾਂ ਜੋ ਸਥੂਲ ਹੈ -ਅਸੀਂ ਇਸ ਤੋਂ ਵੱਧ ਨਹੀਂ ਦੇਖ ਸਕਦੇ. ਪਰ ਜੇ ਤੁਸੀਂ ਇਸ ਨੂੰ ਹਟਾ ਦਿੰਦੇ ਹੋ, ਉਹੀ ਅੱਖਾਂ ਜੋ ਪਹਿਲੇ ਥੋੜਾ ਦੇਖ ਰਹੀਆਂ ਸਨ ਹੁਣ ਜ਼ਿਆਦਾ ਦੇਖ ਸਕਦੀਆਂ ਹਨ. ਉਹ ਲੋਕ ਜਿਨ੍ਹਾਂ ਨੇ ਸਰੀਰ ਨੂੰ ਛੱਡ ਦਿੱਤਾ ਹੈ ਪਰ ਅਜੇ ਵੀ ਇੱਥੇ ਹੈ ... ਅਤੇ ਉਹ ਇੱਥੇ ਕਿਉਂ ਹਨ? ਲਗਾਉ  ਦੇ ਕਾਰਨ. ਉਹ ਲੋਕਾਂ, ਚੀਜ਼ਾਂ ਨਾਲ ਮੋਹ ਕਰਕੇ ਜੁੜੇ ਰਹਿੰਦੇ ਹਨ, ਉਨ੍ਹਾਂ ਚੀਜ਼ਾਂ ਨਾਲ ਜੋ ਪਿਛੇ ਛੁੱਟ ਗਾਈਆਂ ਹਨ - ਉਹ ਇਸਨੂੰ ਬਰਦਾਸ਼ਤ ਨਹੀਂ ਸਕਦੇ ਹਨ.

ਕੁਝ ਲੋਕਾਂ ਪੈਸੇ ਹੀ ਜੋੜਦੇ ਰਹਿੰਦੀ ਨੇ  ... ਮੇਰੇ ਇਕ ਦੋਸਤ ਨੇ ਪੈਸੇ ਜੋੜੇ, ਜੋ ਉਸ ਨੂੰ ਕਿਸੇ ਵਿਰਾਸਤ ਵਿਚ ਮਿਲੇ ਸਨ ਅਤੇ ਉਸ ਨੇ ਉਨ੍ਹਾਂ ਪੈਸਿਆਂ ਨੂੰ ਘਰ ਵਿਚ ਛੁਪਾ ਕੇ ਰੱਖਿਆ ਹੋਇਆ ਸੀ. ਜਦੋਂ ਉਹ ਮਰ ਗਿਆ ਤਾਂ ਉਹ ਲਗਾਤਾਰ ਉੱਥੇ ਘਰ ਵਿਚ ਹੀ ਰਿਹਾ, ਅਤੇ ਉਸ ਦੀ ਪਤਨੀ ਨੇ ਇਸ ਨੂੰ ਮਹਿਸੂਸ ਕੀਤਾ ਅਤੇ ਉਸਨੇ ਮੈਨੂੰ ਪੁੱਛਿਆ, "ਜਦੋਂ ਕੋਈ ਆਦਮੀ ਮਰ ਜਾਂਦਾ ਹੈ ਤਾਂ ਕੀ ਹੁੰਦਾ ਹੈ? ਕੀ ਉਹ ਸਵਰਗ ਵਿਚ ਜਾਂਦਾ ਹੈ ਜਾਂ ਉਹ ਅਜੇ ਵੀ ਇੱਧਰ-ਉੱਧਰ ਘੁੰਮਦਾ ਰਹਿੰਦਾ ਹੈ? ਮੈਂ ਕਿਹਾ," ਇਹ ਉਸ ਦੇ ਲਗਾਵ ਤੇ ਨਿਰਭਰ ਕਰਦਾ ਹੈ. ਮੈਂ ਫਿਰ ਪੁਸ਼ਿਆ  ਕੀ ਕੋਈ ਤੁਹਾਨੂੰ ਪਰੇਸ਼ਾਨ ਕਰ ਰਿਹਾ ਹੈ? "   " ਨਹੀਂ, ਨਹੀਂ. ਮੈਂ ਸਿਰਫ ਇਕ ਆਮ ਸਵਾਲ ਹੀ ਪੁੱਛਿਆ ਹੈ. "ਕੁਝ ਦਿਨ ਬਾਅਦ, ਉਹ ਫਿਰ ਕਹਿਣ ਲੱਗੀ ਹੈ," ਉਸ  ਆਦਮੀ ਨਾਲ ਕੀ ਹੁੰਦਾ ਹੈ, ਜਿਸ ਨੇ ਨਾਮ ਦਾਨ ਲਿਤਾ ਹੋਵੇ  ... ਕੀ ਉਹ ਸੱਚਖੰਡ ਵਾਪਸ ਨਹੀਂ ਜਾਂਦਾ?" ਮੈਂ ਕਿਹਾ, "ਇਹ ਉਸ ਦੇ ਲਗਾਵਾਂ ਅਤੇ ਮੋਹ  ਤੇ ਨਿਰਭਰ ਕਰਦਾ ਹੈ . ਮੈਂ ਫਿਰ ਪੁੱਛਿਆ " ਕੀ ਤੁਹਾਨੂੰ ਕੋਈ ਪਰੇਸ਼ਾਨ ਕਰ ਰਿਹਾ ਹੈ? "    "ਨਹੀਂ."  ਆਖਰਕਾਰ, ਉਸਨੇ ਇੱਕ ਵਾਰੀ ਮੈਨੂੰ ਦੱਸ ਦਿਤਾ, "ਕੋਈ ਮੈਨੂੰ ਪਰੇਸ਼ਾਨ ਕਰ ਰਿਹਾ ਹੈ. ਇਹ ਮੇਰੇ ਘਰ ਵਾਲੇ ਵਰਗਾ ਲਗਦਾ ਹੈ - ਉਹ ਮਰਿਆ ਨਹੀਂ  ਹੈ. ਉਹ ਅਜੇ ਵੀ ਇਥੇ ਆਲੇ-ਦੁਆਲੇ ਘੁੰਮਦਾ ਹੈ, ਮੈਨੂੰ ਪਰੇਸ਼ਾਨ ਕਰਦਾ ਹੈ. "ਮੈਂ ਕਿਹਾ," ਤੁਸੀਂ ਉਸਨੂੰ ਪਿਆਰ ਕਰਦੇ ਸੀ. ਹੁਣ ਤੁਸੀਂ ਪਰੇਸ਼ਾਨ ਕਿਓਂ ਹੁੰਦੇ ਹੋ?"

ਮੈਂ ਕਿਹਾ, "ਮੈਂ ਤੁਹਾਨੂੰ ਦੱਸ ਸਕਦਾ ਹਾਂ. ਮੈਂ ਤੁਹਾਡੇ ਘਰ ਆ ਕੇ ਵੇਖਦਾ ਹਾਂ ਕਿ ਉਹ ਕਿਉਂ ਆਉਂਦਾ ਤੇ ਤੁਹਾਨੂੰ ਪਰੇਸ਼ਾਨ ਕਰਦਾ ਹੈ. ਹੋ ਸਕਦਾ ਹੈ ਕਿ ਉਹ ਤੁਹਾਨੂੰ ਬਹੁਤ ਪਿਆਰ ਕਰਦਾ ਹੋਵੇ ਅਤੇ ਹੁਣ ਤੁਸੀਂ ਹੁਣ ਉਸ ਨੂੰ ਪਿਆਰ ਨਾ ਕਰਦੇ ਹੋਵੋ  ਕਿਉਂਕਿ ਉਹ ਇਕ ਭੂਤ ਹੈ. ਜਦੋਂ ਉਹ ਮਨੁੱਖ ਸੀ, ਤਾਂ ਤੁਸੀਂ ਉਸਨੂੰ ਪਿਆਰ ਕਰਦੇ ਸੀ , ਇਸ ਲਈ ਇਹ ਸ਼ਰਤ ਬੱਧ ਪਿਆਰ ਸੀ. ਤੁਸੀਂ ਕਿਹਾ ਹੋਣਾ , "ਮੈਂ ਤੁਹਾਨੂੰ ਉਨਾ ਚਿਰ ਪਿਆਰ ਕਰਾਂਗੀ ਜਦ ਤਕ ਤੁਸੀਂ ਮਨੁੱਖ ਹੋਵੇਗੇ. ਜਦੋਂ ਤੁਸੀਂ ਇੱਕ ਭੂਤ ਬਣ ਜਾਉਗੇ ਤਾਂ ਨਹੀਂ . " ਮੈਂ ਕਿਹਾ, "ਤੁਹਾਨੂੰ ਕੀ ਮਹਿਸੂਸ ਹੋ ਰਿਹਾ ਹੈ,  ਕਿ ਉਹ ਕਿਥੇ ਹੈ? ਉਸਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਉਹ ਹਮੇਸ਼ਾ ਦੀ ਤਰਾਂ ਇਸ ਦਰਵਾਜ਼ੇ ਤੋਂ ਆਉਂਦਾ ਹੈ.... ਲਗਦਾ ਹੈ ਕਿ ਉਹ ਉਸ ਕੋਨੇ ਤੇ ਚਲੇ ਜਾਂਦਾ ਹੈ. "ਮੈਂ ਕਿਹਾ, "ਤੂੰ ਉੱਥੇ ਕੀ ਲੁਕੋਇਆ ਹੈਂ?"  "ਨਹੀਂ, ਨਹੀਂ, ਨਹੀਂ, ਕੁਝ ਨਹੀਂ, ਕੁਝ ਨਹੀਂ.  "ਅਖੀਰ ਵਿੱਚ ਪਤਾ ਲੱਗਾ ਕਿ ਸਾਰਾ ਕੁਝ ਉਹ ਚੀਜਾਂ ਅਤੇ ਨਕਦ ਉਸਨੇ ਉਥੇ ਛੁਪਾਇਆ ਹੋਇਆ ਸੀ ਅਤੇ ਜੇ ਉਹ ਉਸ ਸਮਾਨ ਨੂੰ ਕਿਸੇ ਹੋਰ ਜਗ੍ਹਾ ਤੇ ਲੈ ਜਾਂਦੀ, ਤਾਂ ਉਹ ਉਥੇ ਚਲੇ ਜਾਂਦਾ ਹੈ. ਹੁਣ ਸਾਡੀ ਇਕ ਹੋਰ ਮਿੱਤਰ ਜੋ ਇਸ ਔਰਤ ਨਾਲ ਰਹਿ ਰਹੀ ਸੀ, ਅਤੇ ਉਸ ਨੇ ਮੈਨੂੰ ਕਿਹਾ, "ਜਦ ਤਕ ਇਸ ਔਰਤ ਕੋਲ ਇਹ ਸਮਾਨ ਹੈ ਇਹ ਕਦੇ ਵੀ ਇਸ ਭੂਤੀਆ ਚੀਜ਼ ਤੋਂ ਛੁਟਕਾਰਾ ਨਹੀਂ ਕਰ ਪਾਏਗੀ. ਇਸ ਲਈ, ਮੈਂ ਵੀ ਉਸ ਨੂੰ ਸਲਾਹ ਦਿੱਤੀ : ਸਮਾਨ ਵੰਡ ਦਿਉ, ਇਸ  ਦੀ ਵਰਤੋਂ ਕਰੋ, ਇਸ ਨੂੰ ਖਰਚ ਕਰੋ, ਕੁਝ ਕਰੋ, ਪਰ ਇਸ ਨੂੰ ਇੱਦਾਂ ਨਾ ਰੱਖੋ ਕਿ ਇਹ ਧਿਆਨ ਖਿੱਚੇ. ਪਰ ਉਸ ਨੇ ਨਾ ਸੁਣਿਆ. ਇਸ ਲਈ, ਉਸ ਮਿੱਤਰ ਨੇ ਇਕ ਦਿਨ ਸਮਾਨ ਨੂੰ ਬਾਹਰ ਨਿਕਾਲ ਕੇ ਖਲਾਰ ਦਿੱਤਾ, ਅਤੇ ਮੁਦਰਾ ਅਤੇ ਪੇਪਰ ਅਤੇ ਵੱਡੇ ਨੋਟ  ਇਧਰ ਉਧਰ ਸੁੱਟ ਦਿਤੇ . ਇਹ ਔਰਤ ਰੋ ਪਈ. ਫਿਰ ਉਨ੍ਹਾਂ ਨੇ ਸਭ ਸਮਾਨ ਵੰਡ ਦਿੱਤਾ. ਉਹ ਭੂਤ ਬਣ ਚੁੱਕਾ ਇਨਸਾਨ ਕਦੇ ਵਾਪਸ ਨਹੀਂ ਆਇਆ. ਇਹ ਕਿਹੋ ਜਿਹਾ ਪਿਆਰ ਸੀ? ਮੈਂ ਤੁਹਾਨੂੰ ਇੱਕ ਸੱਚੀ ਕਹਾਣੀ ਸੁਣਾਈ ਹੈ. ਕਦੇ-ਕਦਾਈਂ ਅਸੀਂ ਕਹਿੰਦੇ ਹਾਂ ਕਿ ਇਥੇ  ਭੂਤ ਹਨ, ਉਹ ਹਨ  ਕਿਉਂਕਿ ਬਗੈਰ ਸ਼ਰੀਰ ਦੇ ਭੂਤ ਪ੍ਰੇਤ ਅਜੇ ਵੀ ਇਥੇ ਹਨ. ਉਹ ਸਾਡੇ ਵਰਗੀਆਂ ਹਨ. ਉਹਨਾਂ ਦੇ ਸਰੀਰ ਨਹੀਂ ਹੁੰਦੇ. ਲੋਕ ਮੈਨੂੰ ਬਾਰ-ਬਾਰ ਪੁੱਛਦੇ ਹਨ, "ਅਸੀਂ ਇਸ ਨਾਲ ਕਿਵੇਂ ਨਜਿਠਿਏ ? ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਆਪਣੀ ਮਾਂ ਨਾਲ ਚੰਗਾ ਵਾਰਤਾਅ  ਨਹੀਂ ਕੀਤਾ. ਹਾਂ. ਮੈਨੂੰ ਲਗਦਾ ਹੈ ਕਿ ਮੈਂ ਉਸ ਨਾਲ ਬਹੁਤ ਬੁਰੀ ਤਰ੍ਹਾਂ ਪੇਸ਼ ਆਇਆ ਅਤੇ ਹੁਣ ਉਹ ਮਰ ਗਈ ਹੈ, ਅਤੇ ਮੈਨੂੰ ਬਹੁਤ ਅਫ਼ਸੋਸ ਹੋ ਰਿਹਾ ਹੈ ਅਤੇ ਮੈਂ ਦੋਸ਼ੀ ਮਹਿਸੂਸ ਕਰਦਾ ਹਾਂ. ਮੈਂ ਕੀ ਕਰਾਂ ?"

ਮੈਂ ਉਨ੍ਹਾਂ ਨੂੰ ਇੱਕ ਸਧਾਰਨ ਇਲਾਜ ਦਸਦਾ ਹਾਂ. ਇੱਕ ਲਫ਼ਜ਼ ਦਾ ਇਲਾਜ. ਇਸ ਨੂੰ ਮਾਫ਼ੀ ਕਿਹਾ ਜਾਂਦਾ ਹੈ. ਅਜਿਹੀ ਸਥਿਤੀ ਤੋਂ ਉਬਰਨ ਲਈ ਮਾਫੀ ਵਰਗੀ ਕੋਈ ਚੀਜ ਨਹੀਂ ਹੈ. ਉਸ ਨੂੰ ਮਾਫ ਕਰੋ, ਆਪਣੇ ਆਪ ਨੂੰ ਮਾਫ਼ ਕਰੋ. ਜਦੋਂ ਤੁਸੀਂ ਮਾਫ਼ੀ ਦਾ ਇਸਤੇਮਾਲ ਕਰਦੇ ਹੋ, ਤੁਸੀਂ ਉਸ ਸਥਿਤੀ ਤੋਂ ਪਾਰ ਹੋ ਜਾਂਦੇ ਹੋ, ਜਿਸਨੇ ਤੁਹਾਨੂੰ ਫੜਿਆ ਹੋਇਆ ਹੈ. ਬਹੁਤ ਸਾਰੀਆਂ ਚੀਜਾਂ ਹਨ ਜਿਨ੍ਹਾਂ ਨੇ ਸਾਨੂੰ ਫੜਿਆ ਹੋਇਆ ਹੈ - ਸਾਡੇ ਮੋਹ, ਸਾਡੀਆਂ ਇੱਛਾਵਾਂ ਅਤੇ ਸਾਡਾ ਪਛਤਾਵਾ ਵੀ ਉਨ੍ਹਾਂ ਵਿੱਚੋਂ ਇੱਕ ਹੈ. "ਮੈਂ ਕੁਝ ਗਲਤ ਕੀਤਾ" ਆਪਣੇ ਆਪ ਨੂੰ ਮਾਫ਼ ਕਰੋ. "ਉਸ ਨੇ ਮੇਰੇ ਨਾਲ ਇੰਨਾ ਕੁਝ ਗਲਤ ਕੀਤਾ. ਮੈਂ ਉਸ ਨੂੰ ਕਿਸ ਤਰ੍ਹਾਂ ਮਾਫ਼ ਕਰ ਸਕਦਾ ਹਾਂ?" ਕਰ ਦਿਉ ਮਾਫ਼. ਇਕ ਦਿਨ ਮੇਰੀ ਪਤਨੀ ਨੇ ਇੱਕ ਰੋਜ਼ਾਨਾ ਡਾਇਰੀ ਕਢੀ ਜਿਸ ਵਿਚ ਰੋਜ਼ਾਨਾ ਦੇ ਵਧੀਆ ਵਿਚਾਰ ਲਿਖੇ ਹੁੰਦੇ ਹਨ. ਉਸ ਦਿਨ ਇਕ ਵਿਚਾਰ ਇਹ ਸੀ, "ਜੀਵਨ ਦੀਆਂ ਕੁਝ ਗੱਲਾਂ ਮਾਫ਼ ਨਹੀਂ ਕੀਤੀਆਂ ਜਾ ਸਕਦੀਆਂ. ਇਹ ਉਹ ਸਥਿਤੀ ਹੈ ਜਦ ਤੁਹਾਨੂੰ ਮਾਫ਼ ਕਰਨਾ ਚਾਹੀਦਾ ਹੈ. ਜਦੋਂ ਤੁਸੀਂ ਮਹਿਸੂਸ ਕਰਦੇ ਹੋ ਕਿ ਅਜਿਹਾ ਕੁਝ ਬਹੁਤ ਗਲਤ ਹੋਇਆ ਹੈ, ਜਿਸ ਨੂੰ ਤੁਸੀਂ ਕਦੇ ਵੀ ਮਾਫ਼ ਨਹੀਂ ਕਰ ਸਕਦੇ, ਉਹ ਬਹੁਤ ਮਾੜਾ ਅਤੇ ਦੁਖਦਾਈ ਹੈ, ਤੁਸੀਂ ਉਸ ਨੂੰ ਮਾਫ਼ ਨਹੀਂ ਕਰ ਸਕਦੇ, ਇਹ ਹੀ ਉਹ ਸਥਿਤੀ ਹੈ ਜਦ ਤੁਹਾਨੂੰ ਮਾਫ਼ ਕਰ ਦੇਣਾ ਚਾਹੀਦਾ ਹੈ. ਮਾਫ਼ੀ ਤੁਹਾਨੂੰ ਇਸ ਸਮੱਸਿਆ ਤੋਂ ਛੁਟਕਾਰਾ ਦਿੰਦੀ ਹੈ ਜਿਹੜੀ ਤੁਹਾਨੂੰ ਅੰਦਰ ਜਾਣ ਤੋਂ ਰੋਕ ਸਕਦੀ ਹੈ, ਕਿਉਂਕਿ ਇਸ ਨਾਲ ਤੁਸੀਂ ਆਪਣੀ ਤਵੱਜੋ ਨੂੰ ਕੇਂਦਰਤ ਨਹੀਂ ਕਰ ਸਕਦੇ. ਤੁਸੀਂ ਆਪਣੀ ਤਵੱਜੋ ਨਹੀਂ ਖਿੱਚ ਨਹੀਂ ਸਕਦੇ ਜਦੋਂ ਤਕ ਤੁਸੀਂ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਮਾਫ਼ ਨਹੀਂ ਕਰਦੇ . ਮਾਫ ਕਰਨ ਤੋਂ ਬਾਅਦ ਹੀ ਤੁਸੀਂ ਅੱਗੇ ਵਧਣ ਲਈ ਤਿਆਰ ਹੁੰਦੇ ਹੋ.

ਮੈਂ ਇਸ ਨੁਕਤੇ ਬਾਰੇ ਗੱਲ ਕਰ ਰਿਹਾ ਹਾਂ, ਕਿਉਂਕਿ ਇਹ ਸਾਡੇ ਅਧਿਆਤਮਿਕ ਰਸਤੇ ਅਤੇ ਸਾਡੀ ਰੂਹਾਨੀ ਯਾਤਰਾ ਲਈ ਬਹੁਤ ਜਰੂਰੀ ਹੈ. ਇਸ ਲਈ, ਸਾਨੂ ਇਹਨਾਂ ਚੀਜ਼ਾਂ ਨੂੰ ਕਰਨਾ ਚਾਹੀਦਾ ਹੈ ਜਿਵੇਂ ਕਿ: ਮਾਫ ਕਰਨਾ, ਪਿਆਰ ਅਤੇ ਗੁਰਭਕਤੀ ਜਾ love and devotion, ਪਿਆਰ ਅਤੇ ਗੁਰਭਕਤੀ ਨਾਲ ਅਭਿਆਸ ਕਰਨਾ . ਲੋਕ ਪੁਛਦੇ ਹਨ: ਅਸੀਂ ਪਿਆਰ ਅਤੇ ਗੁਰਭਕਤੀ ਕਿਵੇਂ ਕਰ ਸਕਦੇ ਹਾਂ? ਤੁਸੀਂ ਰਾਤ ਨੂੰ ਜਾਂਦੇ ਹੋ, ਤੁਸੀਂ ਕਿਸੇ ਜਗ੍ਹਾ ਆਪਣੀ ਕਾਰ ਪਾਰਕ ਕਰਦੇ ਹੋ, ਆਪਣੇ ਪਿਆਰੇ ਨੂੰ ਮਿਲਣ ਲਈ. ਤੁਸੀਂ ਕੁਝ ਵੀ ਟੱਪਣ ਨੂੰ ਤਿਆਰ ਹੋ ਕਿਉਂਕਿ ਤੁਹਾਨੂੰ ਕਿਸੇ ਨਾਲ ਸਰੀਰਕ ਪਿਆਰ ਹੈ. ਅਤੇ ਇੱਥੇ ਅਸੀਂ ਬੇ ਸ਼ਰਤ ਪਿਆਰ ਪ੍ਰਤੀ ਜਵਾਬ ਦੇਣ ਬਾਰੇ ਗੱਲ ਕਰ ਰਹੇ ਹਾਂ. ਜੇ ਤੁਸੀਂ ਪਿਆਰ ਅਤੇ ਗੁਰਭਕਤੀ ਵਾਲਾ ਅਭਿਆਸ ਕਰਨਾ ਚਾਹੁੰਦੇ ਹੋ, ਸੱਚ ਦੀ ਖੋਜ ਲਈ, ਆਪਣੀ ਖੋਜ ਲਈ ਤਾਂ ਅੱਖਾਂ ਦੇ ਪਿੱਛੇ ਬੈਠੋ. ਤੁਹਾਡਾ ਮੁਰਸ਼ਿਦ ਜਿਸ ਨੇ ਤੁਹਾਨੂੰ ਇਸ ਰਾਹ ਤੇ ਤੋਰਿਆ ਹੈ, ਉਹ ਪਹਿਲਾਂ ਹੀ ਉਥੇ ਬੈਠਾ ਹੈ. ਹੋ ਸਕਦਾ ਹੈ ਕਿ ਉਹ ਕਿਸੇ ਪਰਦੇ ਪਿੱਛੇ ਲੁਕਿਆ ਹੋਵੇ, ਕਿਸੇ ਹਨੇਰੇ ਪਰਦੇ ਪਿੱਛੇ ਛੁਪਿਆ ਹੋਵੇ. ਜੇ ਮੇਰਾ ਪਿਆਰਾ ਇਕ ਪਰਦੇ ਦੇ ਪਿੱਛੇ ਬੈਠਾ ਹੈ ਤਾਂ ਮੈਂ ਉਸ ਨੂੰ ਕਹਾਂਗਾ, "ਤੁਸੀਂ ਪਰਦਾ ਕਦੋਂ ਲਾਹੋਗੇ ?" ਹੋ ਸਕਦਾ ਹੈ ਕਿ ਮੈਂ ਕਦੀ ਜਾਕੇ ਉਸ ਪਰਦੇ ਨੂੰ ਫਾੜ ਦੇਵਾਂ. ਪਰ ਮੈਂ ਆਰਾਮ ਨਾਲ ਬੈਠ ਕੇ ਸ਼ਬਦਾਂ ਨੂੰ ਨਹੀਂ ਦੋਹਰਾਵਾਂਗਾ. ਮੈਂ ਉਸਦੇ ਨਾਲ ਤਾਲਮੇਲ ਕਰਾਂਗਾ. ਮੈਂ ਆਪਣੇ ਮੁਰਸ਼ਿਦ ਨਾਲ ਗੱਲਬਾਤ ਕਰਾਂਗਾ. ਇੱਕ ਮੁਰਸ਼ਿਦ, ਜੋ ਸਾਡੇ ਨਾਲ ਬੇ ਸ਼ਰਤ ਪਿਆਰ ਕਰਦਾ ਹੈ, ਉਹ ਸਾਡੇ ਅੰਦਰ ਬੈਠਾ ਹੈ. ਅਸੀਂ ਸਮਝਦੇ ਹਾਂ ਕਿ ਕਿਸੇ ਹੋਰ ਚੀਜ ਜਿਵੇਂ ਕੇ ਮੁਰਸ਼ਿਦ ਕਿਥੇ ਬੈਠਾ ਹੈ, ਉਹ ਕੀ ਕਰ ਰਿਹਾ ਹੈ, ਇਨ੍ਹਾਂ ਸੱਭ ਤੋਂ ਮਨ ਨੂੰ ਹਟਾ ਕਿ ਕੁਝ ਖਾਸ ਸ਼ਬਦਾਂ ਨੂੰ ਮਨ ਨਾਲ ਦੁਹਰਾਉਣਾ ਹੀ ਅਭਿਆਸ ਹੈ. ਮੇਰੇ ਮੁਤਾਬਿਕ ਇਹ ਅਭਿਆਸ ਨਹੀਂ ਹੈ. ਸ਼ਬਦ ਮਨ ਨੂੰ ਹੋਰ ਚੀਜ਼ਾਂ ਬਾਰੇ ਸੋਚਣ ਤੋਂ ਰੋਕਣ ਲਈ ਵਰਤੇ ਜਾਂਦੇ ਹਨ. ਇਸ ਲਈ ਮੰਤਰ ਦਾ ਪ੍ਰਯੋਗ ਕੀਤਾ ਜਾਂਦਾ ਹੈ, ਸਿਮਰਨ ਦਾ ਪ੍ਰਯੋਗ ਕੀਤਾ ਜਾਂਦਾ ਹੈ ਤਾਕਿ ਤੁਸੀਂ ਹੋਰ ਚੀਜ਼ਾਂ ਬਾਰੇ ਨਾ ਸੋਚੋ. ਮਨ ਨੂੰ ਇਹਨਾਂ ਸ਼ਬਦਾਂ ਵਿੱਚ ਲਗਾਓ ਤਾਂ ਕਿ ਮਨ ਹੋਰ ਚੀਜਾਂ ਬਾਰੇ ਨਾ ਸੋਚ ਸਕੇ ਪਰ ਇਸਨੂੰ ਅੰਦਰ ਬੈਠੇ ਹੋਏ ਮੁਰਸ਼ਿਦ ਬਾਰੇ ਸੋਚਣ ਤੋਂ ਨਾ ਰੋਕੋ. ਉਸ ਨਾਲ ਗੱਲ ਕਰੋ, ਭਾਵਕ ਹੁੰਦੇ ਹੋਏ ਉਸ ਨਾਲ ਗੱਲ ਕਰੋ, ਉਸਨੂੰ ਸ਼ਿਕਾਇਤ ਕਰੋ, ਉਸ ਨਾਲ ਗੁੱਸਾ ਕਰੋ. ਇਹ ਸਭ ਪਿਆਰ ਹੈ. ਜਦ ਤੁਸੀਂ ਕਿਸੇ ਨੂੰ ਆਪਣੇ ਅੰਦਰ ਇੰਨਾ ਨੇੜੇ ਮਹਿਸੂਸ ਕਰਦੇ ਹੋ ਅਤੇ ਉਸ ਨਾਲ ਗੱਲਬਾਤ ਕਰਦੇ ਹੋ, ਤਦ ਤੁਸੀਂ ਪਹਿਲੇ ਦਿਨ ਤੋਂ ਹੀ ਅਭਿਆਸ ਨੂੰ ਪਿਆਰ ਅਤੇ ਗੁਰਭਕਤੀ ਨਾਲ ਕਰ ਰਹੇ ਹੋ. ਇਸ ਤਰਾਂ ਅਭਿਆਸ ਸਫਲ ਹੋ ਜਾਵੇਗਾ. ਨਹੀਂ ਤਾਂ ਤੁਸੀ, ਜਿਵੇਂ ਭਾਰਤ ਵਿਚ ਕਹਿੰਦੇ ਹਨ, ਪਾਣੀ ਵਿਚ ਮਧਾਣੀ ਮਾਰਦੇ ਰਹੋਗੇ. ਮਧਾਣੀ ਚਲਾਉਂਦੇ ਰਹੋਗੇ, ਇਸ ਉਮੀਦ ਵਿਚ ਕਿ ਇਕ ਦਿਨ ਮੱਖਣ ਇਸ ਵਿਚੋਂ ਬਾਹਰ ਆ ਜਾਵੇਗਾ. ਇਹ ਇਸ ਤਰ੍ਹਾਂ ਨਹੀਂ ਹੁੰਦਾ. ਇਹ ਇੱਕ ਮਸ਼ੀਨੀ (mechanical ) ਚੀਜ਼ ਨਹੀਂ. ਇਹ ਤੁਹਾਡੇ ਪਿਆਰ ਦੇ ਜਜ਼ਬਾਤ ਹਨ, ਤੁਹਾਡਾ ਇਹ ਮਹਿਸੂਸ ਕਰਨਾ ਕਿ ਤੁਸੀਂ ਆਪਣੇ ਦੋਸਤ ਵੱਲ ਖਿੱਚੇ ਜਾ ਰਹੇ ਹੋ. ਤੁਸੀਂ ਇੱਕ ਸੱਚੇ ਦੋਸਤ ਨਾਲ ਕਿਸ ਤਰਾਂ ਦਾ ਵਰਤਾਅ ਕਰੋਗੇ ? ਇਕ ਅਜਿਹੇ ਦੋਸਤ ਨਾਲ ਜਿਸ ਤੇ ਤੁਸੀਂ 100 ਪ੍ਰਤਿਸ਼ਤ ਭਰੋਸਾ ਕਰ ਸਕਦੇ ਹੋ, ਜਿਸ ਨਾਲ ਤੁਸੀਂ ਹਰ ਚੀਜ਼ ਸਾਂਝੀ ਕਰ ਸਕਦੇ ਹੋ- ਇਹੋ ਜਿਹਾ ਦੋਸਤ ਤੁਹਾਡੇ ਅੰਦਰ ਬੈਠਾ ਹੈ. ਇੱਕ ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਜਾ perfect living ਮਾਸਟਰ ਨਾਮ ਦਾਨ ਵੇਲੇ ਹੀ ਤੁਹਾਡਾ ਮਿੱਤਰ ਬਣ ਕੇ ਤੁਹਾਡੇ ਅੰਦਰ ਬੈਠ ਜਾਂਦਾ ਹੈ.

ਦੀਖਿਆ ਦੇ ਸਮੇ ਹੀ ਤੁਹਾਡੇ ਅੰਦਰ ਇੱਕ ਅਜਿਹਾ ਦੋਸਤ ਬੈਠ ਜਾਂਦਾ ਹੈ. ਇਹ ਦੀਖਿਆ ਦੀ ਗਾਰੰਟੀ ਹੈ. ਇਹ ਦੀਖਿਆ ਦੀ ਕਰਾਮਾਤ ਹੈ. ਦੀਖਿਆ ਤੁਹਾਨੂੰ ਕੁਝ ਦੱਸਣ ਜਾਂ ਸਿਖਾਉਣ ਦਾ ਤਰੀਕਾ ਨਹੀਂ ਹੈ. ਸਾਨੂੰ ਪਤਾ ਹੋਣ ਚਾਹੀਦਾ ਹੈ ਕਿ ਦੀਖਿਆ ਕੋਈ ਅਭਿਆਸ/ਸਿਮਰਨ ਕਰਨ ਦੀ ਸਿੱਖਿਆ ਦੇਣਾ ਨਹੀਂ ਹੈ. ਇਹ ਤਾਂ ਤੁਸੀਂ ਕਿਤਾਬਾਂ ਤੋਂ ਸਿੱਖ ਸਕਦੇ ਹੋ, ਤੁਸੀਂ ਕਿਸੇ ਤੋਂ ਵੀ ਸਿੱਖ ਸਕਦੇ ਹੋ, ਅਤੇ ਇਹ ਸਭ ਤੋਂ ਸੌਖਾ ਤਰੀਕਾ ਹੈ. ਮੈਂ ਖੁੱਲ੍ਹੇ ਤੌਰ ਤੇ ਕਹਿ ਰਿਹਾ ਹਾਂ, "ਆਪਣੀ ਤਵੱਜੋ ਇੱਥੇ ਲਾਉ." ਇਹ ਹੀ ਤਰੀਕਾ ਹੈ. ਹੋਰ ਕਿਹੜਾ ਤਰੀਕਾ ਤੁਸੀਂ ਸਿੱਖਣਾ ਚਾਹੁੰਦੇ ਹੋ? ਜੋਗੀ ਬੁੱਲ੍ਹੇ ਸ਼ਾਹ ਨੇ ਕਿਹਾ ਹੈ, "ਰੱਬ ਨੂੰ ਲੱਭਣਾ ਮੁਸ਼ਕਿਲ ਨਹੀਂ ਹੈ. ਆਪਣੀ ਤਵੱਜੋ ਨੂੰ ਬਾਹਰੋਂ ਖਿੱਚ ਕੇ ਅੰਦਰ ਲਗਾ ਦਿਓ , ਤੁਹਾਨੂੰ ਰੱਬ ਮਿਲ ਜਾਏਗਾ." ਆਸਾਨ ਕਰ ਦਿੱਤਾ ਹੈ. ਹਰ ਕੋਈ ਕਹਿੰਦਾ ਹੈ ਅੰਦਰ ਜਾਉ. ਪ੍ਰਮੇਸ਼ਵਰ ਦਾ ਰਾਜ ਤੁਹਾਡੇ ਅੰਦਰ ਹੀ ਹੈ. ਅੰਦਰ ਜਾਓ, ਹੁਣ ਮੁਸ਼ਕਲ ਕਿੱਥੇ ਹੈ? ਤਰੀਕਾ ਮੁਸ਼ਕਿਲ ਨਹੀਂ ਹੈ. ਸਵਾਲ ਇਹ ਹੈ ਕਿ ਤੁਸੀਂ ਆਪਣੇ ਆਪ ਨੂੰ ਅੰਦਰ ਕਿਵੇਂ ਰਖ ਸਕਦੇ ਹੋ ਜਦੋਂ ਮਨ ਲਗਾਤਾਰ ਬਾਹਰ ਘੁੰਮ ਰਿਹਾ ਹੈ. ਇਕ ਵਧੀਆ ਤਰੀਕਾ ਹੈ, ਜੇਕਰ ਤੁਹਾਡੇ ਕੋਲ ਇੱਕ ਸੱਚਾ ਮਿੱਤਰ ਹੈ, ਇੱਕ ਸਥਾਈ ਮਿੱਤਰ, ਤੁਹਾਡੇ ਅੰਦਰ, ਤੁਹਾਡੀ ਚੇਤਨਾ ਵਿੱਚ, ਤੁਹਾਡੇ ਸਿਰ ਵਿੱਚ, ਸਥੂਲ ਸਰੀਰ ਵਿੱਚ, ਉਸ ਨਾਲ ਗੱਲ ਕਰੋ, ਰੋਜ਼ਾਨਾ ਉਸ ਨਾਲ ਗੱਲ ਕਰੋ. ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਉਹ ਦੋਸਤ ਬਾਹਰੀ ਤੇ ਅੰਦਰੂਨੀ ਤੌਰ ਤੇ ਹਰ ਵਕਤ ਤੁਹਾਡੇ ਨਾਲ ਹੋਵੇਗਾ. ਤੁਹਾਨੂੰ ਅਜਿਹੀ ਦੋਸਤੀ ਦਾ ਅਨੁਭਵ ਹੋਵੇਗਾ ਜੋ ਤੁਸੀਂ ਪਹਿਲਾਂ ਕਦੇ ਨਹੀਂ ਸੀ ਕੀਤਾ, ਕਿਉਂਕਿ ਤੁਹਾਡੇ ਕੋਲ ਕਦੇ ਵੀ ਇਸ ਤਰਾਂ ਦਾ ਮਿੱਤਰ ਸੀਗਾ ਹੀ ਨਹੀਂ ਜੋ ਹਰ ਪਲ, ਚੌਵੀ ਘੰਟੇ ਤੁਹਾਡੇ ਨਾਲ ਹੋਵੇ. ਇਹ ਹਰ ਪਲ, ਚੌਵੀ ਘੰਟੇ ਦੀ ਮਿੱਤਰਤਾ ਹੈ.

ਸੋ, ਮੈਂ ਭੰਡਾਰਾ ਮਨਾਉਣ ਲਈ ਇੱਥੇ ਆਇਆ ਹਾਂ, ਕੱਲ ਵੱਡੇ ਮਹਾਰਾਜ ਦੀ ਕਿਰਪਾ/ਮੇਹਰ ਦਾ ਦਿਨ ਹੈ, ਅਤੇ ਮੈਂ ਬਹੁਤ ਖੁਸ਼ ਹਾਂ ਕਿ ਤੁਸੀਂ ਸਾਰੇ ਮੇਰੇ ਨਾਲ ਇਸ ਵਿਚ ਸ਼ਾਮਿਲ ਹੋ ਰਹੇ ਹੋ. ਕਿਸੇ ਨੇ ਕਿਹਾ, "ਜੇ ਤੁਸੀਂ ਇਕੱਲੇ ਹੋ, ਕੀ ਤਾਂ ਵੀ ਤੁਸੀਂ ਭੰਡਾਰਾ ਮਨਾਉਗੇ ਹੈ?" ਮੈਂ ਕਿਹਾ, "ਮੈਂ ਕਦੇ ਵੀ ਇਕੱਲਾ ਨਹੀਂ ਹੁੰਦਾ." ਮੈਂ ਕਿਹਾ, "ਮੈਂ ਉਦੋਂ ਵੀ ਭੰਡਾਰਾ ਮਨਾਵਾਂਗਾ. ਕੌਣ ਹੋਵੇਗਾ ਮੇਰੇ ਨਾਲ ਉਦੋਂ? ਮੈਂ ਅਤੇ ਮੇਰਾ ਮੁਰਸ਼ਿਦ. ਕੱਲ ਅਸੀਂ ਸਾਰੇ ਇਸ ਦਿਨ ਦਾ ਆਨੰਦ ਮਾਣਾ ਗੇ ਅਤੇ ਉਸ ਦਿਨ ਕਿਰਪਾ ਦਾ ਪ੍ਰਵਾਹ ਚੱਲੇਗਾ. ਇਹ ਕ੍ਰਿਪਾ ਇਕ ਚਮਤਕਾਰ ਦੀ ਤਰਾਂ ਹੈ. "

ਮੈਂ ਤੁਹਾਨੂੰ ਸਾਰਿਆਂ ਨੂੰ ਕੱਲ ਉਨ੍ਹਾਂ ਦੀ ਕਿਰਪਾ/ਮੇਹਰ ਨੂੰ ਮਾਨਣ ਦਾ ਸੱਦਾ ਦਿੰਦਾ ਹਾਂ, ਜੋ ਕਿ ਮੇਰੇ ਲਈ ਸਾਲ ਦਾ ਸਭ ਤੋਂ ਵੱਡਾ ਦਿਨ ਹੈ, ਮੇਰੀ ਜਨਮ ਤਾਰੀਖ ਨਾਲੋਂ ਵੀ ਕਿਤੇ ਜ਼ਿਆਦਾ ਮਹੱਤਵਪੂਰਨ ਹੈ, ਮੇਰੀ ਵਿਆਹ ਦੀ ਵਰ੍ਹੇਗੰਢ ਤੋਂ ਵੀ ਜ਼ਿਆਦਾ ਮਹੱਤਵਪੂਰਨ, ਕਿਸੇ ਤਿਉਹਾਰ ਤੋਂ ਵੀ ਵੱਧ ਮਹੱਤਵਪੂਰਨ- ਕੱਲ੍ਹ ਮੇਰੇ ਜੀਵਨ ਦਾ ਸਭ ਤੋਂ ਵੱਡਾ ਦਿਨ ਹੈ, ਉਹ ਦਿਨ ਜਦੋਂ ਵੱਡੇ ਮਹਾਰਾਜ  ਹਮੇਸ਼ਾਂ ਲਈ ਦਿਖਾਈ ਦੇਣਾ ਸ਼ੁਰੂ ਹੋ ਗਏ, ਹਮੇਸ਼ਾਂ ਲਈ ਹਰ ਅਨੁਭਵ ਵਿਚ ਮੇਰੇ ਨਾਲ ਹੋ ਤੁਰੇ. ਕਾਮਲ ਮੁਰਸ਼ਿਦ ਜਾ ਪਰਮ ਸੰਤ ਸਤਿਗੁਰੂ ਸਾਡੇ ਨਾਲ ਇਕ ਵਾਅਦਾ ਕਰਦੇ ਨੇ. ਉਹ ਇਹ ਕਿ ਦੀਖਿਆ ਲੈਣ ਪਿੱਛੋਂ ਉਸਦਾ ਨੂਰੀ ਸਰੂਪ ਤੁਸੀਂ ਹਮੇਸ਼ਾਂ ਲਈ ਆਪਣੇ ਅੰਦਰ ਪ੍ਰਗਟ ਕਰ ਸਕਦੇ ਹੋ.

ਉਹ ਕਦੇ ਮਰਦੇ ਨਹੀਂ, ਅਤੇ ਸਾਨੂੰ ਵੀ ਇਹ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਵੀ ਕਦੇ ਨਹੀਂ ਮਰਦੇ. ਸਿਰਫ਼ ਸਰੀਰ ਮਰਦੇ ਹਨ; ਅਸੀਂ ਜਿਓਂਦੇ ਰਹਿੰਦੇ ਹਾਂ. ਉਹ ਸਾਡੇ ਨਾਲ ਰਹਿੰਦੇ ਹਨ, ਉਹ ਸਿਰਫ ਰਸਤਾ ਹੀ ਨਹੀਂ ਵਿਖਾਉਂਦੇ . ਉਹ ਆਪ ਸਾਨੂੰ ਉਥੇ ਲੈ ਕੇ ਜਾਂਦੇ ਹਨ. ਉਹ ਅੱਧ ਵਿਚਕਾਰ ਨਹੀਂ ਛੱਡਦੇ ਅਤੇ ਨਾਹੀਂ ਕਹਿੰਦੇ ਹਨ, "ਹੁਣ ਬਾਕੀ ਦਾ ਰਸਤਾ ਤੁਸੀਂ ਆਪਣੇ ਆਪ ਤੈ ਕਰ ਲਓ ." ਉਹ ਸਾਡੇ ਨਾਲ ਹੋ ਕੇ ਸਾਨੂੰ ਅੰਤ ਤੱਕ ਲੈ ਕੇ ਜਾਂਦੇ ਹਨ ਕਿਉਂਕਿ ਉਹ ਖੁਦ ਅੰਤ ਹਨ ਅਤੇ ਇਸਦਾ ਪਤਾ ਸਾਨੂੰ ਅਖੀਰ ਵਿਚ ਹੀ ਲਗਦਾ ਹੈ. ਇਹ ਉਨ੍ਹਾਂ ਸਾਧਾਰਣ ਮਨੁੱਖਾਂ ਦੀ, ਆਮ ਚਿਹਰਿਆਂ ਦੀ, ਆਮ ਜੀਵਨ ਦੀ ਸੁੰਦਰਤਾ ਹੈ. ਅਤੇ ਉਹ ਸਾਡੇ ਵਰਗਾ ਹੀ ਜੀਵਨ ਹੀ ਬਤੀਤ ਕਰਦੇ ਹਨ. ਮੈਂ ਇਹ ਸਾਰਾ ਕੁਝ ਵੱਡੇ ਮਹਾਰਾਜ ਵਿਚ ਦੇਖਿਆ. ਮੈਂ ਉਨ੍ਹਾਂ ਦੇ ਜੀਵਨ ਵਿਚ ਇਸ ਨੂੰ ਦੇਖਿਆ. ਇਕ ਅਜਿਹਾ ਵਿਅਕਤੀ ਜੋ ਬਹੁਤ ਅਮੀਰ ਸੀ ... ਇਕ ਰਾਜਾ ਸੀ ਅਤੇ ਵੱਡੇ ਮਹਾਰਾਜ ਜੀ ਉਸਦੇ ਨਾਲ ਇਕ ਰਾਜੇ ਵਾਂਗ ਚਲਦੇ ਸਨ  - ਅਸੀਂ ਸਾਰਿਆਂ ਨੇ ਇਹ ਦੇਖਿਆ. ਉਨ੍ਹਾਂ ਨੇ ਇਕ ਰਾਜੇ ਵਾਂਗ ਹੀ ਉਸ ਨਾਲ ਗੱਲ ਕਰਨੀ, ਉਨ੍ਹਾਂ ਨੇ ਇਸ ਤਰ੍ਹਾਂ ਗੱਲ ਕਰਨੀ ਜਿਵੇਂ ਉਨ੍ਹਾਂ ਕੋਲ ਰਾਜੇ ਵਰਗੇ ਹੀ ਅਧਿਕਾਰ ਹੋਣ. ਉਹ ਜਦੋਂ ਕਿਸੇ ਅਮੀਰ ਵਿਅਕਤੀ ਨਾਲ ਹੁੰਦੇ ਤਾਂ ਅਮੀਰਾਂ ਵਾਂਗ ਪੇਸ਼ ਆਉਂਦੇ, ਕਿਸੇ ਗਰੀਬ ਵਿਅਕਤੀ ਨਾਲ, ਕਿਸੇ ਛੋਟੇ ਜਿਹੇ ਪਿੰਡ ਵਿਚ ਹੁੰਦੇ ਤਾਂ ਵੱਡੇ ਮਹਾਰਾਜ  ਦਾ ਪਹਿਰਾਵਾ ਉਸ ਗਰੀਬ ਵਿਅਕਤੀ ਵਾਂਗ ਹੀ ਹੁੰਦਾ, ਉਸ ਵਰਗਾ ਉਠਣਾ- ਬੈਠਣਾ ਹੋ ਜਾਂਦਾ ਹੈ. ਇਹ ਕਾਮਲ ਮੁਰਸ਼ਿਦ ਸਾਡੇ ਵਾਂਗ ਹੋ ਕੇ ਕਿਓਂ ਵਰਤਦੇ ਨੇ? ਕਿਉਂਕਿ ਇਹੀ ਉਹ ਤਰੀਕਾ ਹੈ ਜਿਸ ਨਾਲ ਉਹ ਸਾਡੇ ਪੱਕੇ ਮਿੱਤਰ ਬਣ ਸਕਦੇ ਹਨ. ਸਭ ਤੋਂ ਪਹਿਲਾਂ, ਉਹ ਮਨੁੱਖੀ ਰੂਪ ਵਿਚ ਸਾਡੀ ਪੱਧਰ ਤੇ ਆਉਂਦੇ ਹਨ ਕਿਉਂਕਿ ਅਸੀਂ ਮਨੁੱਖ ਹਾਂ. ਇਸ ਪੱਧਰ ਤੇ ਆਕੇ ਅਤੇ ਫਿਰ ਮਨੁੱਖ ਬਣਨ ਤੋਂ ਬਾਅਦ ਉਹ ਸਾਡੇ ਮਿੱਤਰ ਬਣ ਬੈਠਦੇ ਨੇ.

ਵੱਡੇ ਮਹਾਰਾਜ ਦੇ ਇਕ ਮਹਾਨ ਸ਼ਿਸ਼, ਡਾ. ਈਸ਼ਰ ਸਿੰਘ, ਜੋ veterinary  doctor  ਸਨ, ਜਿਨ੍ਹਾਂ ਦੇ ਕਿੱਸੇ ਮੈਂ ਸੁਣਾਉਂਦਾ ਰਹਿੰਦਾ ਹਾਂ, ਉਨਾਂ ਮੈਨੂ ਦੱਸਿਆ, "ਇੱਕ ਮੁਰਸ਼ਿਦ ਪਹਿਲਾਂ ਮਿੱਤਰ ਹੁੰਦਾ ਹੈ, ਫਿਰ ਮੁਰਸ਼ਿਦ. ਜੇ ਉਹ ਤੁਹਾਡਾ ਦੋਸਤ ਨਹੀਂ ਹੈ ਤਾਂ ਉਹ ਤੁਹਾਡਾ ਮੁਰਸ਼ਿਦ ਨਹੀਂ ਹੋ ਸਕਦਾ. "ਇੱਕ ਮੁਰਸ਼ਿਦ ਇੱਕ ਅਧਿਆਪਕ ਨਹੀਂ ਜੋ ਕਿਸੇ ਉੱਚੇ ਥੜੇ ਤੇ ਬੈਠ ਕੇ ਤੁਹਾਨੂੰ ਪ੍ਰਵਚਨ ਦੇਵੇ ਕਿ ਕੀ ਕਰਨਾ ਹੈ. ਇੱਕ ਮੁਰਸ਼ਿਦ ਉਹ ਵਿਅਕਤੀ ਹੈ ਜੋ ਤੁਹਾਡੇ ਵਰਗਾ ਹੋ ਕੇ ਤੁਹਾਨੂੰ ਪਿਆਰ ਕਰਦਾ ਹੈ, ਅਤੇ ਉਥੋਂ ਉਹ ਤੁਹਾਨੂੰ ਆਖਰੀ ਮੰਜ਼ਲਾਂ ਤੱਕ ਲੈ ਜਾਂਦਾ ਹੈ.

ਮੈਂ ਤੁਹਾਡਾ ਸਾਰਿਆਂ ਦਾ ਇਸ ਭੰਡਾਰੇ ਦੇ ਮੌਕੇ ਤੇ ਸਵਾਗਤ ਕਰਦਾ ਹਾਂ. ਅਤੇ ਹੁਣ ਅਸੀਂ ਇਕ ਬ੍ਰੇਕ ਲਵਾਂਗੇ, ਮੈਂ ਤੁਹਾਨੂੰ ਦੁਪਹਿਰ ਤੋਂ ਬਾਅਦ ਦੁਵਾਰਾ ਫਿਰ ਮਿਲਾਂਗਾ. ਪਰ ਮੈਂ ਇੱਕ ਬੇਨਤੀ ਕਰਨਾ ਚਾਹਾਂਗਾ: ਇਸ ਸਮੇ/ਪਲ ਦਾ ਵਧੀਆ ਇਸਤੇਮਾਲ ਕਰੋ.  ਕੱਲ 2 ਅਪ੍ਰੈਲ ਇਕ ਬਹੁਤ ਮੇਹਰ ਤੇ ਕਿਰਪਾ ਭਰਿਆ ਦਿਨ ਹੈ, ਭੰਡਾਰ ਦਾ ਦਿਨ, ਕ੍ਰਿਪਾ ਦੀ ਬਹੁਤਾਤ ਵਾਲਾ ਦਿਨ. ਤੁਸੀਂ ਜਿੰਨੀ ਕਿਰਪਾ/ਮੇਹਰ  ਲੈ ਸਕਦੇ ਹੋ, ਲਉ. ਤੁਹਾਨੂੰ ਲੱਗੇਗਾ ਕਿ ਤੁਸੀਂ ਕੁਝ ਅਜਿਹਾ ਕੁਝ ਪ੍ਰਾਪਤ ਕਰ ਰਹੇ ਹੋ ਜਿਸਨੂੰ ਤੁਸੀਂ ਪਹਿਲਾਂ ਕਦੀ ਅਨੁਭਵ ਨਹੀਂ ਕੀਤਾ ਹੈ. ਮੈਂ ਹਰ ਸਾਲ, ਇਸ ਦਿਨ ਇਸਦਾ ਅਨੁਭਵ ਕਰਦਾ ਹਾਂ, ਅਤੇ ਮੈਂ ਇਹ ਸੱਭ ਕੁਝ ਤੁਹਾਡੇ ਨਾਲ ਉਸ ਨੂੰ ਸਾਂਝਾ ਕਰਨਾ ਚਾਹੁੰਦਾ ਹਾਂ.

ਮੇਰੀਆਂ ਗੱਲਾਂ ਧੀਰਜ ਨਾਲ ਸੁਣਨ ਲਈ ਤੁਹਾਡਾ ਬਹੁਤ ਧੰਨਵਾਦ.

~~https://youtu.be/7DzkYjhxtu8~~

https://www.youtube.com/watch?v=rvhpdBB2hLo&t=2998s